## ਸਿੱਧ ਗੋਸ਼ਠਿ

ਜਿਉਂ ਹੀ ਗੁਰੁਦੇਵ ਜੀ ਆਪਣੇ ਸਾਥੀਆਂ ਸਮੇਤ ਕੈਲਾਸ਼ ਪ੍ਰਬਤ ਤੇ ਪਹੁੰਚੇ, ਸਾਰੇ ਤਪਸਵੀ, ਜੋਗੀ, ਗੋਰਖਨਾਥ ਦੇ ਚੇਲੇ ਜੋ ਆਪਣੇ ਆਪ ਨੂੰ ਸਿੱਧ ਅਖਵਾਉਂਦੇ ਸਨ, ਇਕ ਦੰਮ ਆਪਣੀਆਂ ਗੁਫਾਵਾਂ ਵਿੱਚੋਂ ਨਿਕਲ ਆਏ। ਕਿਉਂ ਜੋ ਉਨ੍ਹਾਂ ਵਾਸਤੇ ਕਿਸੇ ਸਾਧਾਰਨ ਮਨੁੱਖ ਦਾ ਉੱਥੇ ਪਹੁੰਚ ਜਾਣਾ, ਅਚੰਭੇ ਵਾਲੀ ਗੱਲ ਸੀ।

ਕੈਲਾਸ਼ ਪਰਬਤ 'ਤੇ ਕਾਫੀ ਦਿਨ ਸਿੱਧਾਂ ਅਤੇ ਗੁਰੁਦੇਵ ਜੀ ਵਿਚਾਲੇ, ਵਿਸਥਾਰ ਪੂਰਵਕ, ਵਿਚਾਰ ਚਰਚਾ ਚਲਦੀ ਰਹੀ। ਗੁਰੁਦੇਵ ਜੀ ਨਾਲ ਦੀ ਨਾਲ, ਸਰਲ ਭਾਸ਼ਾ ਵਿੱਚ ਸਿੱਧਾਂ ਦੇ ਸਵਾਲ ਅਤੇ ਆਪਣੇ ਉੱਤਰ, ਬਾਣੀ ਦੇ ਰੂਪ ਵਿੱਚ ਆਪਣੀ ਪੋਥੀ ਵਿੱਚ ਕਲਮ ਬੰਦ ਕਰਦੇ ਰਹੇ। (ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਸਾਰੀ ਪ੍ਰਸ਼ਨ ਉੱਤਰੀ, ਅੰਗ 938 ਤੋਂ 946 ਤੱਕ, "ਸਿੱਧ ਗੋਸ਼ਠਿ" ਦੇ ਸਿਰਲੇਖ ਹੇਠ, ਰਾਗ ਰਾਮਕਲੀ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਿੱਸਾ ਬਣਾ ਦਿੱਤੀ। **ਨੋਟ:-** ਸੁਹਿਰਦ ਪਾਠਕਾਂ ਦੇ ਗਿਆਨ ਵਿੱਚ ਵਾਧਾ ਕਰਨ ਅਤੇ ਮਾਨਵ ਕਲਿਆਣ ਨਮਿਤ ਸਿੱਧਾਂ ਦੇ ਪ੍ਰਸ਼ਨ ਅਤੇ ਗੁਰੁਦੇਵ ਜੀ ਵੱਲੋਂ ਦਿੱਤੇ ਗਏ ਉੱਤਰ ਇੱਥੇ ਦਰਜ ਕਰਨੇ ਬਣਦੇ ਹਨ।)

ਅਹੰਕਾਰੀ ਅਤੇ ਕਰਾਮਾਤੀ ਸਿੱਧਾਂ ਨੇ ਆਪਣਿਆਂ ਆਪਣਿਆਂ ਆਸਨਾਂ ਉੱਤੇ ਬੈਠ ਕੇ, ਗੁਰੁਦੇਵ ਜੀ ਨੂੰ ਆਖਿਆ, "ਹੁਣ ਤੂੰ ਇਸ ਸਾਧੂਆਂ ਦੀ ਮਜਲਸ ਨੂੰ ਝੁੱਕ ਕੇ ਪ੍ਰਣਾਮ ਕਰ।"

ਗੁਰੁਦੇਵ ਜੀ, **"ਮੈਂ ਕੇਵਲ ਉਸ ਨੂੰ ਪ੍ਰਣਾਮ ਕਰਦਾ ਹਾਂ, ਜੋ ਸੱਚਾ ਸੁੱਚਾ, ਬੇਅੰਤ ਤੇ ਸਰਵ-ਸ਼ਕਤੀਮਾਨ ਹੈ। ਮੈਂ ਆਪਣਾ ਸਿਰ ਕੱਟ ਕੇ ਵੀ ਉਸ ਦੇ ਚਰਨਾਂ ਵਿੱਚ ਰਖਦਾ ਹਾਂ। ਮੇਰਾ ਸ੍ਰੀਰ ਤੇ ਆਤਮਾ ਉਸ ਨੂੰ ਹੀ ਸਮਰਪਣ ਹੈ। ਇਸ ਤਰ੍ਹਾਂ ਕਰਨ ਨਾਲ ਮੈਨੂੰ ਸੁਤੇ ਸਿੱਧ ਹੀ ਪ੍ਰਭੁਤਾ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ। ਜੰਗਲਾਂ ਵਿੱਚ ਭੌਂਦੇ ਫਿਰਨ ਅਤੇ ਪਹਾੜੀ ਗੁਫਾਵਾਂ ਵਿੱਚ ਲੁਕਣ ਦਾ ਕੋਈ ਲਾਭ ਨਹੀਂ ਹੈ। ਪ੍ਰਭੂ ਦੇ ਸੱਚੇ ਨਾਮ ਦਾ ਸਿਮਰਨ ਕਰਨ ਨਾਲ ਹੀ ਮਨੁੱਖ ਦਾ ਕਲਿਆਣ ਹੁੰਦਾ ਹੈ।"**




**ਸਿੱਧਾਂ ਨਾਲ ਵਾਰਤਾਲਾਪ (ਕੈਲਾਸ਼ ਪਰਬਤ)**

ਗੁਰੁਦੇਵ ਜੀ ਨੇ ਇਸ ਵਰਤਾਰੇ (ਗੋਸ਼ਟੀ) ਨੂੰ ਆਪਣੀ ਪੋਥੀ ਵਿੱਚ ਇਸ ਤਰ੍ਹਾਂ ਅੰਕਿਤ ਕੀਤਾ।

"ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥ ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥
ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥ ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥੧॥
ਕਿਆ ਭਵੀਐ ਸਚਿ ਸੂਚਾ ਹੋਇ ॥ ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ ਰਹਾਉ ॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੩੮

ਇਸ ਤਰ੍ਹਾਂ ਦਾ ਭਾਵ ਪੂਰਨ ਉਤਰ ਸੁਣ ਕੇ ਸਿੱਧ ਮੰਡਲੀ ਨੇ ਬੁਖਲਾ ਕੇ ਇਕ ਦੰਮ ਸਵਾਲਾਂ ਦੀ ਬੁਛਾੜ ਕਰ ਦਿੱਤੀ। (1) ਤੂੰ ਕੌਣ ਹੈ? (2) ਤੇਰਾ ਕੀ ਨਾਮ ਹੈ? (3) ਤੇਰਾ ਮੱਤ ਕੀ ਹੈ? (4) ਤੇਰਾ ਜੀਵਨ ਮਨੋਰਥ ਕੀ ਹੈ? (5) ਤੇਰਾ ਟਿਕਾਣਾ ਕਿੱਥੇ ਹੈ। (6) ਐ ਬਾਲਕੇ ਤੂੰ ਕਿੱਥੇ ਵਸਦਾ ਹੈਂ? (7) ਤੂੰ ਕਿੱਥੋਂ ਆਇਆ ਹੈਂ? (8) ਤੂੰ ਕਿਧਰ ਨੂੰ ਜਾਣਾ ਹੈ।

(9) ਤੇਰਾ ਮਨੋਰਥ ਕੀ ਹੈ? ਸਾਨੂੰ ਸੱਚੋ ਸੱਚ ਦੱਸ। ਅਸੀਂ ਨੇਕ ਪੁਰਸ਼ਾਂ ਉਤੋਂ ਕੁਰਬਾਨ ਜਾਂਦੇ ਹਾਂ।

ਗੁਰੂਦੇਵ ਜੀ ਸਾਰਿਆਂ ਸਾਵਾਲਾਂ ਦਾ ਉੱਤਰ ਇਸ ਤਰ੍ਹਾਂ ਦਿੰਦੇ ਹਨ:-

(1) ਮੈਂ ਸਦੈਵ ਹੀ ਉਸ ਹਰੀ ਦੇ ਹੁਕਮ ਵਿੱਚ ਰਹਿੰਦਾ ਹਾਂ। (2) ਮੇਰਾ ਨਾਮ 'ਨਾਨਕ' ਹੈ। (3) ਮੈਂ ਉਸ ਸੱਚੇ ਦੇ ਭਾਉ ਵਿੱਚ ਵਿਚਰਦਾ ਹਾਂ (4) ਇਹੀ ਮੇਰਾ ਮੱਤ ਹੈ। (5) ਉਸ ਦੇ ਦਰਬਾਰ ਵਿੱਚ ਹੀ ਮੇਰਾ ਟਿਕਾਣਾ ਹੈ। (6) ਉਸ ਦੇ ਅੰਦਰ ਹੀ ਮੇਰਾ ਵਸੇਬਾ ਹੈ। (7) ਮੈਂ ਉਸ ਪ੍ਰਭੂ ਕੋਲੋਂ ਆਇਆ ਹਾਂ। (8) ਮੈਂ ਉਸ ਦੇ ਵਿੱਚ ਹੀ ਸਮਾ ਜਾਵਾਂਗਾ। (9) ਉਸ ਅਬਿਨਾਸੀ ਸੁਆਮੀ ਦੇ ਮਨ ਅੰਦਰ ਟਿਕੇ ਰਹਿਣਾ ਹੀ ਮੇਰਾ ਅਸਲ ਮਨੋਰਥ ਹੈ।

ਗੁਰੂਦੇਵ ਜੀ ਨੇ ਇਸ ਵਾਰਤਾ ਲਾਪ ਨੂੰ ਇਸ ਤਰ੍ਹਾਂ ਕਲਮਬੰਦ ਕੀਤਾ ਹੈ।

ਪ੍ਰਸ਼ਨ:- "ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥
ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ॥
ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥
ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥੨॥"

ਉੱਤਰ:- "ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥
ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥
ਆਸਨਿ ਬੈਸਨਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥
ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥੩॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੩੮

ਜੋਗੀ ਚਰਪਟਨਾਥ ਨੇ ਸਿੱਧੇ ਤੌਰ ਤੇ ਪ੍ਰਸ਼ਨ ਕੀਤਾ, ਹੇ ਨਾਨਕ ਜੀਓ!" "ਇਹ ਜਗਤ (ਮਾਤਲੋਕ) ਨਾ ਪਾਰ ਕੀਤਾ ਜਾਣ ਵਾਲਾ ਅਥਾਹ ਸਮੁੰਦਰ ਹੈ। ਮਾਨਵ ਇਸ ਨੂੰ ਕਿਵੇਂ ਪਾਰ ਕਰ ਸਕਦਾ ਹੈ। ਮੈਨੂੰ ਇਸ ਸਮੱਸਿਆ ਦਾ ਸੋਚ ਵਿਚਾਰ ਕਰਕੇ ਉੱਤਰ ਦਿਉ? ਨਾਨਕ ਜੀ ਨੇ ਕਿਹਾ, "ਐ ਚਰਪਟਨਾਥ! ਮੈਂ ਤੇਰੇ ਨਾਲ ਇਸ ਬਾਰੇ ਕੀ ਵਿਚਾਰ ਕਰ ਸਕਦਾ ਹਾਂ ਜਦੋਂ ਕਿ ਤੂੰ ਆਪ ਹੀ ਤਾਂ ਦੱਸਿਆ ਹੈ ਕਿ ਤੂੰ ਪਾਰਲੇ ਕੰਢੇ ਤੇ ਪਹੁੰਚ ਚੁਕਾ ਹੈਂ। ਤੂੰ ਆਪੇ ਹੀ ਸਭ ਕੁਝ ਆਖ਼ ਰਿਹਾ ਹੈਂ, ਮੈਂ ਇਸ ਬਾਰੇ ਕੀ ਦੱਸ ਸਕਦਾ ਹਾਂ। ਫਿਰ ਵੀ ਜੇ ਸੁਣਨਾ ਚਾਹੁੰਦਾ ਹੈਂ ਤਾਂ ਸੁਣ; ਜਿਵੇਂ ਕਮਲ ਦਾ ਫੁੱਲ ਪਾਣੀ ਵਿੱਚ ਰਹਿ ਕੇ ਵੀ ਆਪਣੇ ਉੱਪਰ ਜਲ ਦਾ ਅਸਰ ਨਹੀਂ ਹੋਣ ਦਿੰਦਾ, ਅਤੇ ਮੁਰਗਾਬੀ ਵੀ ਸਦਾ ਪਾਣੀ ਦੇ ਉੱਪਰ ਤਰਦਿਆਂ, ਆਪਣੇ ਪੰਖ ਗਿੱਲੇ ਨਹੀਂ ਹੋਣ ਦਿੰਦੀ। ਇੱਸੇ ਤਰ੍ਹਾਂ ਗੁਰੂ ਸ਼ਬਦ ਨਾਲ ਸੁਰਤ ਜੋੜ ਕੇ ਇਸ ਭਵਸਾਗਰ ਤੋਂ ਪਾਰ ਉਤਾਰਾ ਹੋ ਸਕਦਾ ਹੈ। ਸਭ ਦੁਨਿਆਵੀ ਸੁਖ ਭੋਗਦਿਆਂ ਹੋਇਆਂ ਵੀ ਇੱਛਾ ਰਹਿਤ ਹੋ ਕੇ ਉਸ ਦੇ ਭਾਣੇ ਵਿੱਚ ਵਿਚਰਨਾ, ਪ੍ਰਭੂ ਦੇ ਦਰਸ਼ਨ ਦੀਦਾਰ ਕਰਨੇ ਅਤੇ ਹੋਰਨਾਂ ਨੂੰ, ਉਸ ਦਾ ਸੇਵਕ ਬਣਾ ਕੇ, ਗਿਆਨ ਦੇਣਾ ਹੀ ਮੁਕਤੀ ਦਾ ਅਸਲ ਢੰਗ ਤਰੀਕਾ ਹੈ।

ਇਸ ਪ੍ਰਸ਼ਨ ਉੱਤਰ ਨੂੰ ਗੁਰੂ ਜੀ ਨੇ ਇਸ ਤਰ੍ਹਾਂ ਕਲਮਬੰਦ ਕੀਤਾ ਹੈ:-

ਪ੍ਰ10. "ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥"

ਉੱਤਰ:- "ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ॥
ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥੪ ॥"
"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫ ॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੩੮

ਪ੍ਰ11. ਇਨਸਾਨ ਕਿਸ ਵਿਧੀ ਦੁਆਰਾ ਉਸ ਵਿਸ਼ਾਲ ਵਾਹਿਗੁਰੂ ਦੇ ਦਰ ਤੇ ਪੁੱਜ ਸਕਦਾ ਹੈ? "ਹੇ ਸਾਈਂ! ਅਸੀਂ ਤੇਰੇ ਪਾਸੋਂ ਸੱਚੀ ਰਾਏ ਪੁਛਦੇ ਹਾਂ। ਸਾਡੀ ਬੇਨਤੀ ਸਾਵੀਕਾਰ ਕਰੋ। ਸਾਡੀ ਫਰਿਆਦ ਨੂੰ ਬੁਰਾ ਨਾ ਸਮਝੋ, ਸਾਨੂੰ ਯੋਗ ਉੱਤਰ ਦਿਓ।"

ਉੱਤਰ:- ਗੁਰੁਦੇਵ ਜੀ ਆਖਦੇ ਹਨ, "ਉਸ ਦੇ ਨਾਮ ਨੂੰ ਆਧਾਰ ਬਨਾਉ, ਇਹ ਚੰਚਲ ਮਨੂੰਆ ਜਦੋਂ ਆਪਣੇ ਅੰਦਰਲੇ ਧਾਮ (ਟਿਕਾਣੇ) ਤੇ ਸਥਿਰ ਹੋ ਜਾਂਦਾ ਹੈ। ਫਿਰ ਸੱਚੇ ਸਾਈਂ ਨਾਲ ਪ੍ਰੇਮ ਪਾ ਲੈਂਦਾ ਹੈ ਤਾਂ ਉਹ ਸਿਰਜਣਹਾਰ ਆਪ ਹੀ ਆਪਣੇ ਵਿੱਚ ਅਭੇਦ ਕਰ ਲੈਂਦਾ ਹੈ। ਇਸ ਪ੍ਰਸ਼ਨ ਉੱਤਰੀ ਨੂੰ ਗੁਰੂ ਜੀ ਇੰਝ ਬਿਆਨ ਕਰ ਰਹੇ ਹਨ।

ਪ੍ਰ: "ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ ॥
ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ ॥"

ਉੱਤਰ: "ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ॥
ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ ॥੬ ॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੩੮

ਹੁਣ ਗੋਰਖਨਾਥ ਦਾ ਚੇਲਾ **ਲੋਹਾਰਿੱਪਾ** ਆਖਣ ਲੱਗਾ, "ਜੇ ਕੇਵਲ ਇਹੋ ਹੀ ਤਰੀਕਾ ਹੈ ਉਸ ਸੁਆਮੀ ਦੇ ਮਿਲਾਪ ਦਾ ਤਾਂ ਅਸੀਂ ਧਰਮ ਅਸਥਾਨਾਂ ਤੇ ਜਾ ਕੇ ਪਵਿਤਰ ਜੀਵਨ ਬਤੀਤ ਕਰਦੇ ਹਾਂ। ਸਾਡੇ ਲਈ ਤਾਂ ਇਹੀ ਬ੍ਰਹਮ ਵਿਚਾਰ ਹੈ, ਅਸੀਂ ਹੱਟੀਆਂ ਬਜਾਰਾਂ ਵਿੱਚ ਨਹੀਂ ਜਾਂਦੇ, ਨਵੇਕਲੇ ਤੌਰ ਤੇ ਜੰਗਲਾਂ ਵਿੱਚ, ਬਿਰਖਾਂ ਦੀ ਛਾਵੇਂ ਅਤੇ ਪ੍ਰਬਤਾਂ ਤੇ ਵਸਦੇ ਹਾਂ।

ਗੁਰੁਦੇਵ ਜੀ ਆਖਦੇ ਹਨ, "ਐ ਜੋਗੀ, ਸਦਾ ਸੁੱਤਾ ਹੋਇਆ ਨਾ ਰਹੁ, ਆਪਣੇ ਮਨ ਨੂੰ ਕਿਸੇ ਹੋਰ ਦੀ ਹਿਰਸ ਨਾ ਬਣਨ ਦੇਉ। ਨਾਮ ਸਿਮਰਨ ਤੋਂ ਵਾਂਝਾ ਮਨੂਆ ਕਦੇ ਖੁਸ਼ ਤੇ ਨਿਹਚਲ ਨਹੀਂ ਹੁੰਦਾ, ਨਾ ਹੀ ਇਸ ਦੀ ਅੰਦਰਲੀ ਭੁੱਖ ਦੂਰ ਹੁੰਦੀ ਹੈ। ਮੇਰੇ ਗੁਰੂ ਨੇ ਸੱਚੇ ਬਾਜ਼ਾਰ ਤੇ ਸ਼ਹਿਰ ਮੇਰੇ ਹਿਰਦੇ ਅੰਦਰ ਹੀ ਮੈਨੂੰ ਵਿਖਾਲ ਦਿੱਤੇ ਹਨ, ਜਿੱਥੇ ਮੈਂ ਸੁਖ ਚੈਨ ਨਾਲ ਸੱਚਾ ਵਣਜ ਵਾਪਾਰ ਕਰਦਾ ਹਾਂ। ਪ੍ਰੰਤੂ ਤੁਸੀਂ ਯੋਗੀ, ਇਸ ਗੱਲ ਤੇ ਜੋਰ ਦਿੰਦੇ ਹੋ ਕਿ ਤੁਸੀਂ ਥੋੜਾ ਖਾਂਦੇ, ਥੋੜਾ ਸੌਂਦੇ ਹੋ। ਇਸ ਘਟਨਾ ਕਰਮ ਨੂੰ ਹੀ ਯੋਗ ਸਾਧਨਾ ਦਾ ਨਿਚੋੜ ਮੰਨਦੇ ਹੋ।

ਇਸ ਤੱਥ ਨੂੰ ਗੁਰੁਦੇਵ ਜੀ ਅਲਾਹੀ ਬਾਣੀ ਦੁਆਰਾ ਇਸ ਤਰ੍ਹਾਂ ਬਿਆਨ ਕਰ ਰਹੇ ਹਨ।

ਪ੍ਰ12."ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥
ਕੰਦ ਮੂਲੁ ਆਹਾਰੋ ਖਾਈਐ ਅਉਧੂ ਬੋਲੈ ਗਿਆਨੇ ॥
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ॥
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥੭॥"

ਉਤਰ:- "ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੁੋਲਾਈ ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੮ ॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੩੮

ਜੋਗੀ ਵਿਚਾਰ ਕਰਦੇ ਹਨ ਅਤੇ ਗੁਰੁਦੇਵ ਨੂੰ ਆਖਦੇ ਹਨ, "ਜੇ ਤੂੰ ਸਾਡੇ ਫਿਰਕੇ ਵਿੱਚ ਰਲ ਜਾਵੇਂ, ਯੋਗਮੱਤ ਧਾਰਨ ਕਰ ਲਵੇਂ, ਛੇਆਂ ਮਾਰਗਾਂ ਵਿੱਚੋਂ ਸਾਡੇ ਵਸ਼ੇਸ਼ ਮਾਰਗ ਨੂੰ ਅਪਨਾ ਲਵੇਂ ਤਾਂ ਤੇਰਾ ਮਨ ਸੁਧਰ ਜਾਵੇਗਾ।

ਤੂੰ ਸਾਨੂੰ ਇਹ ਦੱਸ; (13) ਬੰਦਖਲਾਸੀ ਕਰਨ ਵਾਲਾ ਕੌਣ ਹੈ, (14) ਕੌਣ ਹੈ ਜੋ ਅੰਦਰੋਂ ਬਾਹਰੋਂ ਉਸ ਨਾਲ ਜੁੜਿਆ ਹੋਇਆ ਹੈ? (15) ਕੌਣ ਹੈ ਜੋ ਜਨਮ ਨਹੀਂ ਲੈਂਦਾ? (16) ਕੌਣ ਹੈ ਜੋ ਮਰਦਾ ਨਹੀਂ? (17) ਕੌਣ ਹੈ ਜੋ ਦੋਹਾਂ ਜਹਾਨਾਂ ਅੰਦਰ ਵਿਆਪਕ ਹੋ ਕੇ ਵਿਚਰ ਰਿਹਾ ਹੈ?

ਗੁਰੁਦੇਵ ਜੀ ਬਾਣੀ ਰਾਹੀ ਇਨ੍ਹਾਂ ਸਭਨਾਂ ਪ੍ਰਸ਼ਨਾਂ ਦਾ ਉੱਤਰ ਇਸ ਪ੍ਰਕਾਰ ਦਿੰਦੇ ਹਨ :-

"ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ॥ (ਪ੍ਰਮੇਸ਼ਰ ਤਾਂ ਸਭਨਾਂ ਵਿੱਚ ਸਭਨਾਂ ਥਾਵਾਂ ਤੇ ਵਿਚਰ ਰਿਹਾ ਹੈ।)
ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥ (ਪ੍ਰੰਤੂ ਆਦਿਖ ਹੈ, ਗੁਰੂ ਦੇ ਦੱਸੇ ਰਾਹ ਤੇ ਚਲਣ ਵਾਲਾ ਮਨੁੱਖ ਸਾਰੇ ਬੰਧਨਾਂ ਤੋਂ ਮੁਕਤ ਹੈ।)
ਮਨਮੁਖਿ ਬਿਨਸੈ ਆਵੈ ਜਾਇ ॥ (ਮਨਮਤੀਆ ਜਮਦਾ ਮਰਦਾ ਰਹਿੰਦਾ ਹੈ।)
ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥" (ਗੁਰਮੁੱਖ ਬੰਦੇ ਉਸ ਸੱਚੇ ਵਿੱਚ ਸਮਾ ਜਾਂਦੇ ਹਨ।) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੩੯

ਪ੍ਰ18. "ਕਿਉ ਕਰਿ ਬਾਧਾ ਸਰਪਨਿ ਖਾਧਾ ॥" (ਬੰਦੇ ਨੂੰ ਮਾਇਆ ਰੂਪੀ ਨਾਗ ਨੇ ਕਿਵੇਂ ਖਾ ਲਿਆ ਹੈ।)?

ਪ੍ਰ19 ਤੇ 20. "ਕਿਉਂ ਕਰਿ ਖੋਇਆ ਕਿਉ ਕਰਿ ਲਾਧਾ ॥" (ਬੰਦੇ ਨੂੰ ਲਾਭ ਤੇ ਹਾਨੀ ਕਿਵੇਂ ਹੁੰਦੀ ਹੈ।)?

ਪ੍ਰ21 ਤੇ 22. "ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥ (ਬੰਦਾ ਕਿਵੇਂ ਪਵਿੱਤਰ ਹੁੰਦਾ ਹੈ? ਆਦਿ) ਜੋ ਇਸ ਅਸਲੀਅਤ ਨੂੰ ਸਮਝਦਾ ਹੈ
ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥" ਉਹ ਹੀ ਸਾਡਾ ਗੁਰੂ ਹੋ ਸਕਦਾ ਹੈ। ਅਸੀਂ ਕੇਵਲ ਉਸੇ ਦੀਆਂ ਗੱਲਾਂ ਹੀ ਮੰਨਾਂਗੇ।

**ਇਨ੍ਹਾਂ ਸਾਰੇ ਸੁਆਲਾਂ ਨੂੰ ਘੋਖ ਵਿਚਾਰ ਕੇ ਗੁਰੂਦੇਵ ਜੀ ਆਖਦੇ ਹਨ:-**

"ਦੁਰਮਤਿ ਬਾਧਾ ਸਰਪਨਿ ਖਾਧਾ ॥
ਮਨਮੁਖਿ ਖੋਇਆ ਗੁਰਮੁਖਿ ਲਾਧਾ ॥
ਸਤਿਗੁਰ ਮਿਲੈ ਅੰਧੇਰਾ ਜਾਇ ॥
ਨਾਨਕ ਹਉਮੈ ਮੇਟਿ ਸਮਾਇ ॥੧੫ ॥
ਸੁੰਨ ਨਿਰੰਤਰਿ ਦੀਜੈ ਬੰਧੁ ॥
ਉਡੈ ਨ ਹੰਸਾ ਪੜੈ ਨ ਕੰਧੁ ॥
ਸਹਜ ਗੁਫਾ ਘਰੁ ਜਾਣੈ ਸਾਚਾ ॥
ਨਾਨਕ ਸਾਚੇ ਭਾਵੈ ਸਾਚਾ ॥੧੬ ॥"

(ਜੀਵ ਬੁਰੇ ਖਿਆਲਾਂ ਵਿੱਚ ਇਸ ਤਰਾਂ ਬਝਾ ਹੋਇਆ ਹੈ ਕਿ ਮਾਇਆ ਰੂਪੀ ਨਾਗਨ ਇਸ ਨੂੰ ਖਾਈ ਜਾ ਰਹੀ ਹੈ। ਮਨਮੁੱਖ ਨੇ ਅਪਣਾ ਜਨਮ ਗਵਾ ਲਿਆ ਹੈ ਤੇ ਗੁਰਮੁੱਖ ਨੇ ਲਾਹਾ ਖੱਟ ਲਿਆ ਹੈ। ਜੇ ਸੱਚਾ ਗੁਰੂ ਮਿਲ ਪਵੇ ਤਾਂ ਸਭ ਭਰਮ ਦੂਰ ਹੋ ਜਾਂਦੇ ਹਨ ਤੇ ਫਿਰ ਹਉਮੈ ਵੀ ਮਿਟ ਜਾਂਦੀ ਹੈ। ਜੇਕਰ ਪ੍ਰਮ ਪ੍ਰਮੇਸ਼ਵਰ ਨਾਲ ਇਕ ਮਿੱਕ ਹੋ ਜਾਈਏ ਤਾਂ ਮਨ ਭਟਕਦਾ ਨਹੀਂ ਤੇ ਇਹ ਸ੍ਰੀਰ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ। ਜੇ ਮਨੁੱਖ ਦਾ ਮਨ ਸਦਾ ਹੀ ਅਡੋਲ ਰਹੇ ਤਾਂ ਉਹ ਪ੍ਰਮਾਤਮਾਂ ਦਾ ਰੂਪ ਹੋ ਕੇ ਉਸ ਪ੍ਰਭੂ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ।)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੩੯

ਪ੍ਰ23. "ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ (ਤੂੰ ਘਰ ਬਾਰ ਛੱਡ ਕੇ ਵੈਰਾਗੀ ਕਿਉਂ ਹੋਇਆ ਹੈਂ?)

ਪ੍ਰ24. ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥ (ਤੇਰਾ ਇਹ ਲਿਬਾਸ ਧਾਰਨ ਕਰਨ ਦਾ ਕੀ ਕਾਰਨ ਹੈ?)

ਪ੍ਰ25. ਕਿਸੁ ਵਖਰ ਕੇ ਤੁਮ ਵਣਜਾਰੇ ॥ (ਤੂੰ ਕਿਹੜੇ ਸੌਦੇ ਸੂਤ ਦਾ ਗਾਹਕ ਹੈਂ?)

ਪ੍ਰ26. ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥17 ॥" (ਤੂੰ ਆਪਣੇ ਪੰਥ ਦਾ ਕਿਵੇਂ ਪਾਰਉਤਾਰਾ ਕਰੇਂਗਾ?)

**ਗੁਰੂਦੇਵ ਜੀ ਦੇ ਉੱਤਰ:-**

"ਗੁਰਮੁਖਿ ਖੋਜਤ ਭਏ ਉਦਾਸੀ ॥ (ਅਸਲੀ ਸੰਤਾਂ ਦੀ ਭਾਲ ਵਿੱਚ ਵੈਰਾਗੀ ਹੋ ਕੇ ਫਿਰ ਰਿਹਾ ਹਾਂ।)

ਦਰਸਨ ਕੈ ਤਾਈ ਭੇਖ ਨਿਵਾਸੀ ॥ (ਪ੍ਰਭੂ ਦੇ ਦੀਦਾਰ ਖਾਤਰ ਮੈਂ ਇਹ ਵੇਸ ਬਣਾਇਆ ਹੈ।)

ਸਾਚ ਵਖਰ ਕੇ ਹਮ ਵਣਜਾਰੇ ॥ (ਮੈਂ ਤਾਂ ਸੱਚੇ ਪ੍ਰਭੂ ਦੇ ਨਾਮ ਦਾ ਗਾਹਕ ਹਾਂ।)

ਨਾਨਕ ਗੁਰਮੁਖਿ ਉਤਰਸਿ ਪਾਰੇ ॥੧੮॥" (ਉਸ ਸਾਹਿਬ ਦੀ ਦਇਆ ਦ੍ਰਿਸ਼ਟੀ ਰਾਹੀਂ ਮੈਂ ਆਪਣੇ ਪੰਥ ਦਾ ਪਾਰ ਉਤਾਰਾ ਕਰ ਦਿਆਂਗਾ)।

ਪ੍ਰ27. "ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥ (ਤੂੰ ਆਪਣੇ ਜੀਵਨ ਦਾ ਰਾਹ ਕਿਉਂ ਬਦਲਿਆ ਹੈ?)

ਪ੍ਰ28. ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥ (ਤੂੰ ਆਪਣਾ ਮਨ ਕਿਸ ਦੇ ਨਾਲ ਜੋੜਿਆ ਹੈ?)

ਪ੍ਰ29. ਕਿਤੁ ਬਿਧਿ ਆਸਾ ਮਨਸਾ ਖਾਈ ॥ (ਤੂੰ ਆਪਣੀ ਖਾਹਿਸ਼ ਤੇ ਕਿਵੇਂ ਕਾਬੂ ਪਾਇਆ ਹੈ?)

ਪ੍ਰ30. ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥ (ਤੂੰ ਕਿਸ ਬਿਧ ਨਾਲ ਪ੍ਰਭੂ ਨੂੰ ਆਪਣੇ ਅੰਦਰੋਂ ਪਾਇਆ ਹੈ?)

ਪ੍ਰ31. ਬਿਨੁ ਦੰਤਾ ਕਿਉ ਖਾਈਐ ਸਾਰੁ ॥ (ਦੰਦਾਂ ਬਿਨਾ ਅਰਥਾਤ ਵਸ਼ੇਸ਼ ਤਰਕੀਬ (ਸਾਰਥਕ ਢੰਗ) ਬਿਨਾਂ ਇਹ ਕਿਵੇਂ ਹੋ ਸਕਦਾ ਹੈ?)

ਨਾਨਕ ਸਾਚਾ ਕਰਹੁ ਬੀਚਾਰੁ ॥੧੯ ॥" (ਹੇ ਨਾਨਕ ਜੀ, ਤੁਸੀਂ ਸੋਚ ਵਿਚਾਰ ਕਰਕੇ ਸਾਨੂੰ ਦੱਸੋ?)

ਗੁਰੂਦੇਵ ਇਸ ਤਰ੍ਹਾਂ ਫਰਮਾਉਂਦੇ ਹਨ :-

"ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ (ਉਸ ਦੇ ਭਾਣੇ ਵਿੱਚ ਜਨਮਿਆ ਹਾਂ ਇਸ ਲਈ ਮੇਰੀ ਭਟਕਣਾ ਵੀ ਸਮਾਪਤ ਹੋ ਗਈ ਹੈ)

ਅਨਹਤਿ ਰਾਤੇ ਇਹੁ ਮਨੁ ਲਾਇਆ ॥ (ਮੇਰਾ ਮਨ ਬੈਕੁੰਠੀ ਕੀਰਤਨ ਵਿੱਚ ਰੰਗਿਆ ਗਿਆ ਹੈ)

ਮਨਸਾ ਆਸਾ ਸਬਦਿ ਜਲਾਈ ॥ (ਮੈਂ ਆਪਣੀ ਇੱਛਾ ਤੇ ਉਮੀਦਾਂ ਨੂੰ ਨਾਮ ਦੇ ਰਸ ਨਾਲ ਸਾੜ ਦਿੱਤਾ ਹੈ।)

ਗੁਰਮੁਖਿ ਜੋਤਿ ਨਿਰੰਤਰਿ ਪਾਈ ॥ (ਸਾਹਿਬ ਦੀ ਕ੍ਰਿਪਾ ਰਾਹੀਂ ਮੈਂ ਉਸ ਨੂੰ ਆਪਣੇ ਅੰਦਰੋਂ ਖੋਜ ਲਿਆ ਹੈ।)

ਤ੍ਰੈ ਗੁਣ ਮੇਟੇ ਖਾਈਐ ਸਾਰੁ ॥ (ਮਨ ਦੀਆਂ ਤਿੰਨਾਂ ਹਾਲਤਾਂ ਨੂੰ ਮਿਟਾ ਦੇਈਏ ਤਾਂ ਬਿਨਾਂ ਦੰਦਾਂ ਦੇ ਵੀ ਲੋਹੇ ਨੂੰ ਚਬਾਇਆ ਜਾ ਸਕਦਾ ਹੈ। ਭਾਵ ਅਸੰਭਵ ਤੇ ਔਖਾ ਕੰਮ ਵੀ ਕਰ ਲਵੀਦਾ ਹੈ)

ਨਾਨਕ ਤਾਰੇ ਤਾਰਣਹਾਰੁ ॥੨੦॥" (ਇਸ ਪ੍ਰਕਾਰ ਕਰਤਾ ਆਪ ਹੀ ਪਾਰ-ਉਤਾਰਾ ਕਰ ਦਿੰਦਾ ਹੈ)

ਯੋਗੀ ਹੋਰ ਪੁੱਛਦੇ ਹਨ:-

ਪ੍ਰ32.-33 "ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ॥ (ਸੰਸਾਰ ਦੇ ਆਰੰਭ ਬਾਰੇ ਤੇਰੀ ਕੀ ਰਾਏ ਹੈ?)

ਪ੍ਰ34-35: ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ ॥ (ਗਿਆਨ ਦੇਣ ਵਾਲੇ ਸੁਆਮੀ ਦਾ ਵਾਸਾ ਕਿੱਥੇ ਹੈ?)

(ਬ੍ਰਹਮਗਿਆਨ ਦੇ ਸਾਧਨ ਕਿਹੜੇ ਹਨ? ਕੌਣ ਹੈ ਜੋ ਸਭਨਾਂ ਅੰਦਰ ਵਸਦਾ ਹੈ?)

ਪ੍ਰ36-37: ਕਾਲ ਕਾ ਠੀਗਾ ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ ॥ (ਮੌਤ ਦਾ ਡਰ ਕਿਵੇਂ ਦੂਰ ਹੋਵੇ (ਨਿਰਭੈਅ ਪਦ ਕਿਵੇਂ ਪ੍ਰਾਪਤ ਹੋ ਸਕਦਾ ਹੈ?)

ਪ੍ਰ38. ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ ਬੈਰਾਈਐ॥" (5 **ਦੁਸ਼ਮਣ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ)** ਕਿਸ ਤਰੀਕੇ ਨਾਲ ਮਾਰੇ ਜਾ ਸਕਦੇ ਹਨ? ਤਾਂ ਜੋ ਮਨ ਵਿੱਚ ਸਹਿਜ ਤੇ ਠਹਿਰਾਅ ਆ ਜਾਵੇ)

ਗੁਰੂਦੇਵ ਜੀ ਇਸ ਪ੍ਰਕਾਰ ਸਮਝਾਉਂਦੇ ਹਨ:-

"ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ॥

ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ ॥੨੯॥" ਸ੍ਰੀ ਗੁਰੂਗ੍ਰੰਥ ਸਾਹਿਬ ਜੀ, ਅੰਗ- ੯੪੦

ਯੋਗੀ ਅਗੋਂ ਹੋਰ ਸਵਾਲ ਕਰਦੇ ਹਨ:-

ਪ੍ਰ39-40-41 "ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ ॥ (ਮਨੁੱਖ ਕਿਥੋਂ ਆਇਆ ਹੈ? (40) ਇਹ ਸ੍ਰੀਰ ਕਿਥੇ ਜਾਂਦਾ ਹੈ? (41) ਕਿਥੇ ਲੀਨ ਹੋ ਰਹਿੰਦਾ ਹੈ?)

ਏਸੁ ਸਬਦ ਕਉ ਜੋ ਅਰਥਾਵੈ ਤਿਸੁ ਗੁਰ ਤਿਲੁ ਨ ਤਮਾਈ ॥" (ਜੋ ਮਨੁੱਖ ਉਸ ਪ੍ਰਭੂ ਦੀ ਹੋਣੀ ਨੂੰ ਸਮਝਦਾ ਹੋਂਵੇ ਤੇ ਉਸ ਵਿੱਚ ਕੋਈ ਲਾਲਚ ਨਾ ਹੋਵੇ, ਅਸੀਂ ਯੋਗੀ ਉਸ ਨੂੰ ਆਪਣਾ ਗੁਰੂ ਮੰਨਦੇ ਹਾਂ)

ਪ੍ਰ42-43 "ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ॥" (ਮਨੁੱਖ ਸਰੂਪ ਰਹਿਤ ਵਸਤੂ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ? ਗੁਰੂ ਦੁਆਰਾ ਉਸ ਹਰੀ ਨਾਲ ਪ੍ਰੀਤ ਕਿਵੇਂ ਪੈ ਜਾਂਦੀ ਹੈ?)

ਪ੍ਰ44. "ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ॥" (ਹੇ ਨਾਨਕ, ਤੂੰ ਪ੍ਰਭੂ ਦੀ ਵਿਆਖਿਆ ਕਿਵੇਂ ਕਰ ਸਕਦਾ ਹੈਂ? ਜੋ ਆਪ ਹੀ ਰਚਨਹਾਰਾ ਤੇ ਆਪ ਹੀ ਸੁਣਨ ਵਾਲਾ ਹੈ।)

ਗੁਰੂਦੇਵ ਜੀ ਇਸ ਪ੍ਰਕਾਰ ਯੋਗੀਆਂ ਨੂੰ ਨਿਰਉੱਤਰ ਕਰਦੇ ਹਨ :-

ਉਤਰ : "ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥
ਪੂਰੇ ਗੁਰ ਤੇ ਸਾਚੁ ਸਮਾਵੈ ਗਤਿ ਮਿਤਿ ਸਬਦੇ ਪਾਈ ॥੨੨॥
"ਗੁਰ ਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਜਿ ਲਹੈ ॥
ਨਾਨਕ ਦੂਜੀ ਕਾਰ ਨ ਕਰਣੀ ਸੇਵੈ ਸਿਖੁ ਸੁ ਖੋਜਿ ਲਹੈ ॥
ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥
ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ॥੨੩ ॥"

(ਗੁਰੂ ਦੇ ਬਚਨਾਂ ਰਾਹੀਂ ਮਾਇਆ ਤੋਂ ਰਹਿਤ ਪ੍ਰਭੂ ਆਪ ਹੀ ਮਿਲ ਪੈਂਦਾ ਹੈ ਕੇਵਲ ਗੁਰੂ ਦੀ ਸਿੱਖਿਆ ਦੁਆਰਾ ਹੀ ਪ੍ਰਭੂ ਮਿਲਦਾ ਹੈ। ਹੁਕਮ ਵਿੱਚ ਵਿਚਰਦਿਆਂ ਜੀਵਨ ਜਾਚ ਆ ਜਾਂਦੀ ਹੈ। (ਮਰਜੀਵੜਾ ਬਣ ਕੇ ਹੀ ਸੱਚਾ ਜੋਗੀ ਅੱਖਵਾਉਂਦਾ ਹੈ ਜਿਸ ਨੇ ਆਪਾ ਮਿਟਾ ਕੇ ਆਪਣੇ ਆਪ ਨੂੰ ਪਛਾਣ ਲਿਆ ਹੋਵੇ ਉਸ ਨੂੰ ਸਭਨਾਂ ਵਿੱਚ ਉਹ ਹੀ ਦਿੱਸਦਾ ਹੈ, ਅਤੇ ਉਹ ਹੀ ਅਸਲ ਜੋਗੀ ਹੁੰਦਾ ਹੈ)

---

"ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥
ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥
ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥੨੪॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੪੦

ਉਪ੍ਰੰਤ ਗੁਰੂਦੇਵ ਜੀ ਸਿੱਧਾਂ ਨੂੰ ਹੋਰ ਵੀ ਸਲਾਹੁਣੀਆਂ ਦਿੰਦਿਆਂ ਆਖਦੇ ਹਨ।

"ਗੁਰਮੁਖਿ ਧਰਤੀ ਸਾਚੈ ਸਾਜੀ ॥
ਤਿਸ ਮਹਿ ਓਪਤਿ ਖਪਤਿ ਸੁ ਬਾਜੀ ॥

ਗੁਰ ਕੈ ਸਬਦਿ ਰਪੈ ਰੰਗੁ ਲਾਇ ॥

ਸਾਚਿ ਰਤਉ ਪਤਿ ਸਿਉ ਘਰਿ ਜਾਇ ॥

ਸਾਚ ਸਬਦ ਬਿਨੁ ਪਤਿ ਨਹੀ ਪਾਵੈ ॥

ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ ॥੩੦॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੪੧

ਗੁਰੂਦੇਵ ਜੀ ਨੇ ਹੋਰ ਉਧਾਰਣਾਂ ਦੇ ਕੇ ਕੇ ਸਿੱਧ ਮੰਡਲੀ ਨੂੰ ਸਾਂਤ ਕੀਤਾ ਪ੍ਰੰਤੂ ਉਨ੍ਹਾਂ ਆਪਣੇ ਸਵਾਲ ਜਾਰੀ ਰੱਖਦਿਆਂ ਹੈਰਾਨੀ ਭਰੇ ਲਹਿਜੇ ਵਿੱਚ ਪੁੱਛਿਆ।

ਪ੍ਰ45-46. "ਕਵਣ ਮੂਲੁ ਕਵਣ ਮਤਿ ਵੇਲਾ ॥

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥"

ਪ੍ਰ47-48. "ਕਵਣ ਕਥਾ ਲੇ ਰਹਹੁ ਨਿਰਾਲੇ ॥

ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥" (ਜੋਗੀਆਂ ਨੇ ਕਿਹਾ, ਹੇ ਬਾਲਕ ਨਾਨਕ ਤੂ ਧਿਆਨ ਨਾਲ ਸੁਣ ਕੇ ਸਾਨੂੰ ਉੱਤਰ ਦੇਹ।)

ਪ੍ਰ49. ਏਸੁ ਕਥਾ ਕਾ ਦੇਇ ਬੀਚਾਰੁ ॥ (ਸਾਨੂੰ ਚੰਗੀ ਤਰਾਂ ਵਿਚਾਰ ਕੇ ਦੱਸ ਕਿਵੇਂ ਸ਼ਬਦ ਦੁਆਰਾ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਈਦਾ ਹੈ।)

ਭਵਜਲੁ ਸਬਦਿ ਲੰਘਾਵਣਹਾਰੁ ॥੪੩॥" ਸ੍ਰੀ ਗੁਰੂਗ੍ਰੰਥ ਸਾਹਿਬ ਜੀ, ਅੰਗ-੯੪੨

ਗੁਰੂ ਜੀ ਇਨਾਂ ਪ੍ਰਸ਼ਨਾਂ ਦਾ ਸਮਾਧਾਨ ਇੰਝ ਕਰਦੇ ਹਨ :-

"ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ਸਬਦੁ ਗੁਰੂ ਸੁਰਤਿ ਧੁਨਿ ਚੇਲਾ॥" (ਸੁਆਸ ਜੀਵਨ ਦਾ ਮੂਲ ਹਨ। ਧਰਮ ਦਾ ਰਾਜ ਹੈ। ਪ੍ਰਭੂ ਹੀ ਮੇਰਾ ਗੁਰੂ ਹੈ। ਮੈਂ ਉਸੈ ਦਾ ਹੀ ਸਿਮਰਨ ਕਰਦਾ ਹਾਂ।

"ਅਕਥ ਕਥਾ ਲੇ ਰਹਉ ਨਿਰਾਲਾ ॥ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥

ਏਕੁ ਸਬਦੁ ਜਿਤੁ ਕਥਾ ਵੀਚਾਰੀ ॥ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੪੩

ਪ੍ਰ50-51 "ਮੈਣ ਕੇ ਦੰਤ ਕਿਉ ਖਾਈਐ ਸਾਰੁ ॥ (ਮੋਮ ਦੇ ਦੰਦਾਂ ਨਾਲ ਲੋਹਾ ਕਿਵੇਂ ਚਿੱਥਿਆ (ਖਾਇਆ) ਜਾ ਸਕਦਾ ਹੈ?)

ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥" ਕਿਹੜਾ ਭੋਜਨ ਕਰੀਏ ਜੋ ਹੰਕਾਰ ਖਤਮ ਕਰ ਦੇਵੇ?

ਪ੍ਰ52-53-54 "ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥ (ਪ੍ਰਾਣੀ ਬਰਫ ਦੇ ਘਰ ਅੰਦਰ ਕਿਵੇਂ ਜੀ ਸਕਦਾ ਹੈ? ਜਦੋਂ ਕਿ ਮਨੁੱਖ ਅੰਦਰ ਦੀ

ਕਵਨ ਗੁਫਾ ਜਿਤੁ ਰਹੈ ਅਵਾਹਨੁ॥" ਅੱਗ ਪ੍ਰਬਲ ਹੈ। (ਉਹ ਕਿਹੜੀ ਗੁਫਾ ਹੈ ਜਿਸ ਵਿੱਚ ਬੈਠਿਆਂ ਪ੍ਰਾਣੀ ਦਾ ਮਨ

ਪ੍ਰ55-56 "ਇਤ ਉਤ ਕਿਸ ਕਉ ਜਾਣਿ ਸਮਾਵੈ ॥ ਸ਼ਾਂਤ ਹੋ ਕੇ ਆਵਾ ਗਵਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ ?

ਕਵਨ ਧਿਆਨੁ ਮਨੁ ਮਨਹਿ ਸਮਾਵੈ ॥੪੫॥ ਮਨੁੱਖ ਇਸ ਜੱਗ ਜਾਂ ਅਗਲੇ ਜਗਤ ਵਿੱਚੋਂ ਕਿਸ ਥਾਂ ਨੂੰ ਸਹੀ ਮੰਨੇ ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੯੪੩ (ਕਿਵੇਂ ਪਤਾ ਲੱਗਦਾ ਹੈ ਕਿ ਮਨ, ਮਨ ਅੰਦਰ ਹੀ ਲੀਨ ਹੋ ਗਿਆ ਹੈ?)

ਗੁਰੂ ਜੀ ਨੇ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਇਸ ਪ੍ਰਕਾਰ ਦਿੱਤਾ :-

"ਹਉ ਹਉ ਮੈ ਮੈ ਵਿਚਹੁ ਖੋਵੈ ॥ਦੂਜਾ ਮੇਟੈ ਏਕੋ ਹੋਵੈ ॥

ਜਗੁ ਕਰੜਾ ਮਨਮੁਖੁ ਗਾਵਾਰੁ ॥ਸਬਦੁ ਕਮਾਈਐ ਖਾਈਐ ਸਾਰੁ ॥

ਅੰਤਰਿ ਬਾਹਰਿ ਏਕੋ ਜਾਣੈ ॥ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥੪੬ ॥

ਸਚ ਭੈ ਰਾਤਾ ਗਰਬੁ ਨਿਵਾਰੈ ।ਏਕੋ ਜਾਤਾ ਸਬਦੁ ਵੀਚਾਰੈ ॥

ਸਬਦੁ ਵਸੈ ਸਚੁ ਅੰਤਰਿ ਹੀਆ ॥ਤਨੁ ਮਨੁ ਸੀਤਲੁ ਰੰਗਿ ਰੰਗੀਆ ॥

ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ਨਾਨਕ ਨਦਰੀ ਨਦਰਿ ਪਿਆਰੇ ॥੪੭॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੯੪੩

ਯੋਗੀਆਂ ਦੀ ਅਜੇ ਵੀ ਤਸਲੀ ਨਾ ਹੋਈ, ਤਾਂ ਫਿਰ ਹੋਰ ਪੁੱਛਣ ਲੱਗੇ:-

ਪ੍ਰ57. "ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ॥" (ਕਿਹੜਾ ਤ੍ਰੀਕਾ ਹੈ ਜਿਸ ਨਾਲ ਠੰਡ ਤੇ ਹਨੇਰੇ ਘਰ ਵਿੱਚ ਮਨ ਰੂਪੀ ਚੰਦ ਜਗਮਗਾਉਂਦਾ ਹੈ)?

ਪ੍ਰ58. "ਕਵਨ ਮੁਖਿ ਸੂਰਜੁ ਤਪੈ ਤਪਾਇਆ॥" (ਉਹ ਕਿਹੜੀ ਸ਼ਕਤੀ ਹੈ ਜਿਸ ਨਾਲ ਸੂਰਜ ਤਪਦਾ ਹੈ ਤੇ ਉਸ ਵਿੱਚੋਂ ਪ੍ਰਕਾਸ਼ ਉਤਪੰਨ ਹੁੰਦਾ ਹੈ)?

ਪ੍ਰ59. "ਕਵਨ ਮੁਖਿ ਕਾਲੁ ਜੋਹਤ ਨਿਤ ਰਹੈ॥" (ਕਿਸ ਬਿਧ (ਵਿਧੀ) ਨਾਲ ਮੌਤ ਦਾ ਡਰ ਮੁੱਕ ਜਾਂਦਾ ਹੈ)?

ਪ੍ਰ60."ਕਵਨ ਬੁਧਿ ਗੁਰਮੁਖਿ ਪਤਿ ਰਹੈ ॥" (ਕਿਸ ਸਿਆਣਪ ਰਾਹੀਂ ਮਨੁੱਖ ਦੀ ਪਤ (ਇਜ਼ਤ) ਬਚੀ ਰਹਿ ਸਕਦੀ ਹੈ?)

ਪ੍ਰ61."ਕਵਨ ਜੋਧੁ ਜੋ ਕਾਲੁ ਸੰਘਾਰੈ॥" (ਉਹ ਕੌਣ ਸੂਰਮਾ ਹੈ ਜੋ ਮੌਤ ਦੇ ਦੈਂਤ ਨੂੰ ਮਾਰ ਮੁਕਾਉਂਦਾ ਹੈ)?

"ਬੋਲੈ ਬਾਣੀ ਨਾਨਕ ਬੀਚਾਰੈ॥੪੮॥ (ਹੇ ਨਾਨਕ ! ਇਨ੍ਹਾਂ ਸੁਆਲਾਂ ਦਾ ਉੱਤਰ ਸੋਚ ਵਿਚਾਰ ਕੇ ਸਾਨੂੰ ਦਿਓ)

ਗੁਰੂ ਜੀ ਨੇ ਅਲਾਹੀ ਬਾਣੀ ਰਾਹੀਂ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਇਸ ਪ੍ਰਕਾਰ ਦਿੱਤੇ:-

ਉੱਤਰ-"ਸਬਦੁ ਭਾਖਤ ਸਸਿ ਜੋਤਿ ਅਪਾਰਾ ॥ (ਪ੍ਰਭੂ ਸਿਮਰਨ ਦੁਆਰਾ ਮਨ ਚੰਦ ਵਾਂਗ ਪ੍ਰਕਾਸ਼ਮਾਨ ਹੋ ਜਾਂਦਾ ਹੈ।)

ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ (ਗਿਆਨ ਦਾ ਸੂਰਜ ਉਦੈ ਹੋ ਜਾਂਦਾ ਹੈ।ਹਨੇਰਾ ਮਿਟ ਜਾਂਦਾ ਹੈ।)

ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥ (ਨਾਮ ਦਾ ਆਸਰਾ, ਮੌਤ ਦਾ ਡਰ ਮੁਕਾ ਕੇ ਗਮੀ/ਖੁਸ਼ੀ ਨੂੰ ਇਕ ਕਰ ਦਿੰਦਾ ਹੈ।

ਆਪੇ ਪਾਰਿ ਉਤਾਰਣਹਾਰਾ ॥ (ਕ੍ਰਿਪਾ ਦ੍ਰਿਸ਼ਟੀ ਦੁਆਰਾ ਪ੍ਰਭੂ ਆਪੇ ਹੀ ਪੁਰਸ਼ ਦੀ ਇੱਜ਼ਤ ਰੱਖਦਾ ਹੈ)

ਗੁਰ ਪਰਚੈ ਮਨੁ ਸਾਚਿ ਸਮਾਇ ॥ (ਇਸ ਪ੍ਰਕਾਰ ਗੁਰ ਉਪਦੇਸ਼ ਜਾਣ ਕੇ ਬੰਦਾ ਸੱਚ ਵਿੱਚ ਲੀਨ ਹੋ ਜਾਂਦਾ ਹੈ)

ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੪੯॥" (ਤਦੋਂ ਮੌਤ ਉਸ ਦੇ ਨੇੜੇ ਨਹੀਂ ਆਉਂਦੀ)

ਉੱਤਰ ਦੇਣ ਉਪ੍ਰੰਤ ਗੁਰਦੇਵ ਜੀ ਨੇ ਇਸ ਪ੍ਰਥਾਏ ਹੋਰ ਵੀ ਅਲਾਹੀ ਬਾਣੀ ਉਚਾਰਨ ਕੀਤੀ ਤਾਂ ਜੋ ਸਿੱਧ ਮੰਡਲੀ ਗਾਡੀ ਰਾਹ ਤੇ ਪੈ ਜਾਵੇ।

ਫਿਰ ਵੀ ਸਿਧਾਂ ਨੇ ਹੋਰ ਸਵਾਲ ਕਰਨੇ ਸ਼ੁਰੂ ਕਰ ਦਿੱਤੇ।

ਪ੍ਰ62."ਸੁੰਨੋ ਸੁੰਨੁ ਕਹੈ ਸਭੁ ਕੋਈ ॥" (ਹਰ ਕੋਈ ਉਸ ਹਰੀ ਦੀ ਉਸਤੱਤ ਕਰਦਾ ਨਹੀਂ ਥਕਦਾ।)

ਅਨਹਤ ਸੁੰਨੁ ਕਹਾ ਤੇ ਹੋਈ ॥ (ਅਬਿਨਾਸੀ ਪ੍ਰਭੂ ਦੀ ਕਿੱਥੋਂ ਪ੍ਰਾਪਤੀ ਹੁੰਦੀ ਹੈ)? ਉਹ ਕਿਵੇਂ ਉਤਪਨ ਹੁੰਦਾ ਹੈ?

ਪ੍ਰ63.ਅਨਹਤ ਸੁੰਨਿ ਰਤੇ ਸੇ ਕੈਸੇ ॥ (ਪ੍ਰਭੂ ਦੇ ਰੰਗ ਵਿੱਚ ਰੰਗੇ ਹੋਏ ਮਨੁੱਖ ਕਿਸ ਤਰ੍ਹਾਂ ਦੇ ਹੁੰਦੇ ਹਨ)?

ਗੁਰੂ ਜੀ ਆਖਦੇ ਹਨ:-

"ਜਿਸ ਤੇ ਉਪਜੇ ਤਿਸ ਹੀ ਜੈਸੇ ॥ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥

ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨ ॥

ਨਉ ਸਰ ਸੁਭਰ ਦਸਵੈ ਪੂਰੇ ॥ (ਨਵਾਂ ਘਰਾਂ ਨੂੰ ਸੰਪੂਰਨ ਕਰਕੇ ਬੰਦਾ ਦਸਵੇਂ ਘਰ ਅੰਤਲੇ ਪੜਾਅ ਅੰਦਰ ਪ੍ਰਵੇਸ਼ ਕਰ ਜਾਂਦਾ ਹੈ)

ਤਹ ਅਨਹਤ ਸੁੰਨ ਵਜਾਵਹਿ ਤੂਰੇ॥(ਤਾਂ ਅੰਦਰਲੀ ਅਵਸਥਾ ਇਤਨੀ ਪ੍ਰਬਲ ਹੋ ਜਾਂਦੀ ਹੈ ਕਿ ਉਸ ਦੇ ਅੰਦਰ ਕੇਵਲ ਪ੍ਰਭੂ ਦਾ ਕੀਰਤਨ ਹੀ ਗੂੰਜਦਾ ਹੈ)

ਸਾਚੈ ਰਾਚੇ ਦੇਖਿ ਹਜੂਰੇ ॥ (ਤਦ ਮਨੁੱਖ ਉਸ ਪ੍ਰਭੂ ਨੂੰ ਨੇੜਿਉਂ ਤਕਦਾ ਹੈ ਤੇ ਉਸ ਵਿੱਚ ਲੀਨ ਹੋ ਜਾਂਦਾ ਹੈ)

ਘਟਿ ਘਟਿ ਸਾਚੁ ਰਹਿਆ ਭਰਪੂਰੇ॥ (ਉਹ ਪ੍ਰਭੂ ਸਭਨਾਂ ਨੂੰ ਸਚਾਈ ਨਾਲ ਭਰਪੂਰ ਕਰ ਦਿੰਦਾ ਹੈ)

ਗੁਪਤੀ ਬਾਣੀ ਪਰਗਟੁ ਹੋਇ ॥

ਨਾਨਕ ਪਰਖਿ ਲਏ ਸਚੁ ਸੋਇ॥੫੩॥"(ਅਜਿਹਾ ਮਨੁੱਖ ਨਾਮ ਰੂਪੀ ਗੁਪਤ ਤੇ ਸੱਚੇ ਸੌਦੇ ਦੀ ਪ੍ਰਾਪਤੀ ਕਰ ਲੈਂਦਾ ਹੈ।) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੯੪੩

ਸਿੱਧ ਮੰਡਲੀ ਫਿਰ ਪੁਕਾਰ ਉੱਠੀ :-

ਪ੍ਰ64."ਕੁਬੁਧਿ ਚਵਾਵੈ ਸੋ ਕਿਤੁ ਠਾਇ॥" (ਹੈ ਕੋਈ ਐਸੀ ਥਾਂ ਜਿੱਥੇ ਖੋਟੀ ਮੱਤ ਨਾਸ ਹੋ ਜਾਂਦੀ ਹੈ?)

ਪ੍ਰ65."ਕਿਉ ਤਤੁ ਨ ਬੂਝੈ ਚੋਟਾ ਖਾਇ ॥" (ਸੱਚ ਨੂੰ ਜਾਣੇ ਬਿਨਾ ਹੀ ਬੰਦਾ ਕਿਉਂ ਸੱਟਾਂ ਖਾਈ ਜਾਂਦਾ ਹੈ)

ਉੱਤਰ:- "ਜਮ ਦਰਿ ਬਾਧੇ ਕੋਇ ਨ ਰਾਖੈ ॥"

ਬਿਨੁ ਸਬਦੈ ਨਾਹੀ ਪਤਿ ਸਾਖੈ॥"

ਪ੍ਰ66."ਕਿਉ ਕਰਿ ਬੂਝੈ ਪਾਵੈ ਪਾਰੁ ॥

ਨਾਨਕ ਮਨਮੁਖਿ ਨ ਬੁਝੈ ਗਵਾਰੁ॥੫੫॥" (ਆਪਹੁਦਰਾ ਬੰਦਾ ਕਿਵੇਂ ਸਮਝ ਸਕਦਾ ਹੈ)

ਉੱਤਰ:- ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥ (ਸਤਿਗੁਰ ਦਾ ਸ਼ਬਦ ਵੀਚਾਰਨ ਨਾਲ ਭੈੜੀ ਮਤ ਦੂਰ ਹੋ ਜਾਂਦੀ ਹੈ

ਸਤਿਗੁਰ ਭੇਟੈ ਮੋਖ ਦੁਆਰ॥" ਤਾਂ ਮੁਕਤੀ ਦਾ ਰਾਹ ਮਿਲ ਜਾਂਦਾ ਹੈ)

ਪ੍67=68."ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥" (ਜਿਸ ਸ਼ਬਦ ਸਦਕਾ ਪਾਰ ਉਤਾਰਾ ਹੁੰਦਾ ਹੈ ਉਹ ਸ਼ਬਦ ਕਿੱਥੇ ਵੱਸਦਾ ਹੈ?)

ਪ੍69."ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ॥" (10 ਉਂਗਲਾਂ ਦੇ ਸਾਹ ਦਾ ਆਧਾਰ ਕੀ ਹੈ?)

ਪ੍70=71."ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ॥ (ਜੋ ਮਨ ਸਦਾ ਨੱਚਦਾ ਟੱਪਦਾ ਭਟਕਦਾ ਰਹਿੰਦਾ ਹੈ ਉਹ ਕਿਵੇਂ ਅਡੋਲ ਹੋ ਸਕਦਾ ਹੈ)?
ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ ॥" (ਹੇ ਨਾਨਕ ਜੀ, ਮਨੁੱਖ ਆਪਣੇ ਮਨ ਨੂੰ ਕਿਵੇਂ ਸਮਝ ਸਕਦਾ ਹੈ?)

ਉੱਤਰ:- "ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ ॥
ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ ॥੫੮॥"
"ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥" ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ॥
ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋੁ ਮੰਨਿ ਵਸਾਏ॥
"ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ॥
ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੫੯॥"
"ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥ (ਹੇ ਜੋਗੀ, ਦਸ ਉਗਲ ਦੇ ਸਾਹ ਦਾ ਰਾਖਾ ਉਹ ਆਪ ਹੀ ਹੈ।
ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥ (ਜੋ ਉਸ ਨੂੰ ਸਵਾਸ ਸਵਾਸ ਯਾਦ ਕਰਦਾ ਹੈ ਉਹ ਉੱਸ ਵਿੱਚ ਅਭੇਦ ਹੋ ਜਾਂਦਾ ਹੈ।)
ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ॥" (ਤਿੰਨਾਂ ਗੁਣਾਂ ਤੋਂ ਉੱਪਰ ਉੱਠ ਕੇ ਮਨ ਵਿੱਚ ਸ਼ਬਦ ਵਸਾ ਲਵੇ ਤਾਂ ਅਹੰਕਾਰ ਆਪੇ ਹੀ
ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥ ਮੁੱਕ ਜਾਂਦਾ ਹੈ) ਜਦੋਂ ਪ੍ਰਭੂ ਆਪਣੀ ਸਮਝ ਦੀ ਬਖਸ਼ਿਸ਼ ਕਰਦਾ ਹੈ। ਤਦੋਂ
ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥ ਗੁਰਮੁੱਖ ਇੜਾ ਪਿੰਗੁਲਾ ਸੁਖਮਨਾ ਦਾ ਭੇਦ ਜਾਣ ਜਾਂਦਾ ਹੈ।
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ - ੯੪੪

ਪ੍72."ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ ॥" (ਮਨ ਦਾ ਆਧਾਰ ਪ੍ਰਾਣ ਹਨ ਤੇ ਪ੍ਰਾਣ ਕਿੱਥੋਂ ਖੁਰਾਕ ਲੈਂਦੇ ਹਨ?)

ਪ੍73-74."ਗਿਆਨ ਕੀ ਮੁਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ॥" (ਗਿਆਨ ਪ੍ਰਾਪਤੀ ਦਾ ਸਾਧਨ ਕੀ ਹੈ? )
(ਨਾਨਕ ਜੀ, ਸਾਨੂੰ ਇਹ ਦਸੋ ਕਿ ਇਕ ਗਿਆਨਵਾਨ ਯੋਗੀ ਦੀ ਕੀ ਮਰਿਆਦਾ ਹੈ, ਅਤੇ ਅਜਿਹੇ ਪੂਰਨ ਮਨੁੱਖ ਦੀ ਕੰਮਾਈ ਕੀ ਹੈ)?

ਉੱਤਰ: "ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ ॥ (ਸ਼ਬਦ ਦੀ ਕਮਾਈ ਕਰਨ ਨਾਲ ਹਉਮੈ ਮਿਟ ਜਾਂਦੀ ਹੈ।)
ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ - ੯੪੫

ਪ੍75-76."ਕਵਨ ਬੁਧਿ ਜਿਤੁ ਅਸਥਿਰੁ ਰਹੀਐ ਕਿਤੁ ਭੋਜਨਿ ਤ੍ਰਿਪਤਾਸੈ ॥"

ਉੱਤਰ:- "ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ਸਤਿਗੁਰ ਤੇ ਕਾਲੁ ਨ ਗ੍ਰਾਸੈ॥੬੧॥"

ਪ੍77-78. "ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ॥" (ਇਹ ਹਾਥੀ ਰੂਪੀ ਮਨ ਕਿੱਥੇ ਰਹਿੰਦਾ ਹੈ? ਅਤੇ ਇਸ ਦੇ ਸੁਆਸ

ਪ੍79. "ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ॥" ਕਿੱਥੇ ਨਿਵਾਸ ਕਰਦੇ ਹਨ)?

ਉੱਤਰ :- "ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥
ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥"

ਪ੍80-81-82. "ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ॥" (ਬੰਦਾ ਆਪਣੇ ਆਪ ਨੂੰ ਕਿਵੇਂ ਪਹਿਚਾਣ ਸਕਦਾ ਹੈ? ਚੰਦ ਦੇ ਧਾਮ (ਘਰ) ਵਿੱਚ ਸੂਰਜ ਕਿਵੇਂ ਪ੍ਰਵੇਸ਼ ਕਰ ਸਕਦਾ ਹੈ)?

ਉੱਤਰ:- "ਗੁਰਮੁਖਿ ਹਉਮੈ ਵਿਚਹੁ ਖੋਵੈ । ਤਉ ਨਾਨਕ ਸਹਜਿ ਸਮਾਵੈ ॥੬੪॥ (ਜਦੋਂ ਮਨੁੱਖ ਗੁਰੂ ਦੇ ਹੁਕਮ ਨਾਲ ਚਲਦਾ ਹੈ ਤਾਂ ਉਸ ਨੂੰ
ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ॥" ਸੱਚੇ ਦੀ ਪਛਾਣ ਹੋ ਜਾਂਦੀ ਹੈ ਤਾਂ ਉਹ ਅਡੋਲ ਹੋ ਜਾਂਦਾ ਹੈ)
"ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥੬੫॥" (ਸੱਚੇ ਨੂੰ ਸਿਮਰਣ ਨਾਲ ਸੱਚ ਦਾ ਰੰਗ ਕਦੇ ਉੱਤਰਦਾ ਨਹੀਂ)

ਪ੍83."ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ॥" (ਜਦੋਂ ਦੇਹੀ ਤੇ ਹਿਰਦਾ ਨਹੀਂ ਸੀ ਓਦੋਂ ਇਹ ਮਨ ਕਿੱਥੇ ਸੀ)?

ਪ੍84."ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ॥" (ਜਦੋਂ ਨਾਭੀ ਰੂਪੀ ਥੰਮੀ ਨਹੀਂ ਸੀ ਤਾਂ ਪ੍ਰਾਣ ਕਿੱਥੇ ਟਿਕੇ ਸੋਏ ਹੋਏ ਸਨ)

ਪ੍ਰ85. "ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥" (ਜਦੋਂ ਮਾਤਾ ਪਿਤਾ ਦੇ ਮਿਲਾਪ ਤੋਂ ਬਿਨਾਂ ਇਹ ਸ੍ਰੀਰ ਨਹੀਂ ਬਣਿਆ

ਪ੍ਰ86. "ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤੀ ਕੀਮਤਿ ਨਹੀ ਪਾਈ ॥" ਸੀ ਉਦੋਂ ਮਨ ਪ੍ਰਭੂ ਵਿੱਚ ਕਿਵੇਂ ਲੀਨ ਰਹਿੰਦਾ ਸੀ)?

ਪ੍ਰ87. "ਵਰਨ ਭੇਖੁ ਅਸ ਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥" (ਜਿਸ ਦਾ ਕੋਈ ਸਰੂਪ ਹੀ ਨਹੀਂ ਉਸ ਨੂੰ ਸਦਾ ਰਹਿਣ ਵਾਲਾ ਕਿਵੇਂ ਮੰਨਿਆ ਜਾ ਸਕਦਾ ਹੈ?)

ਉੱਤਰ:- "ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥੬੬॥"

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥ (ਜਦੋਂ ਮਨੁੱਖਾ ਦੇਹੀ ਨਹੀਂ ਸੀ, ਓਂਦੋਂ ਮਨ ਪ੍ਰਭੂ ਕੋਲ ਸੀ)

ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ॥" (ਜਿਦੋਂ ਧੁੰਨੀ ਦੇ ਕੰਵਲ ਦਾ ਆਸਰਾ ਨਹੀਂ ਸੀ, ਪ੍ਰਭੂ ਦੀ ਪ੍ਰੀਤ ਵਿੱਚ ਰੰਗਿਆ ਸੁਆਸ ਆਪਣੇ ਨਿਜ ਦੇ ਗ੍ਰਹਿ ਅੰਦਰ ਟਿਕਦਾ ਸੀ)

"ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ॥" (ਇੱਕੋ ਅਸਚਰਜ ਰੂਪ ਪ੍ਰਭੂ ਹੀ ਸੀ, ਉਹ ਹੀ ਸਮੁੱਚੇ ਜਗਤ ਦਾ ਆਕਾਰ ਸੀ। ਸਦਾ ਰਹਿਣ ਵਾਲੇ ਪ੍ਰਭੂ ਜਿਸ ਦਾ ਰੂਪ ਰੰਗ ਬਿਆਨ ਨਹੀਂ ਕੀਤਾ ਜਾ ਸਕਦਾ, ਕੇਵਲ ਉਹ ਆਪ ਹੀ ਸੀ।)

"ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥
ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ ॥
ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ॥੬੭॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੪੫

ਪ੍ਰ90. "ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ॥"

ਉੱਤਰ:-" ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ॥
ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨਾ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥"

ਗੁਰੂਦੇਵ ਜੀ ਨੇ ਸਿੱਧਾਂ ਨੂੰ ਗੁਰਮੁੱਖਿ ਦੀ ਪ੍ਰੀਭਾਸ਼ਾ ਵਿਸਥਾਰ ਪੂਰਵਕ ਸਮਝਾਈ।

"ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥
ਗੁਰਮੁਖਿ ਮਨ ਭੀਜੈ ਵਿਰਲਾ ਬੂਝੈ ਕੋਇ ॥ ਗੁਰਮੁਖਿ ਨਿਜ ਘਰਿ ਵਾਸਾ ਹੋਇ ॥
ਗੁਰਮੁਖਿ ਜੋਗੀ ਜੁਗਤਿ ਪਛਾਣੈ ॥ ਗੁਰਮੁਖਿ ਨਾਨਕ ਏਕੋ ਜਾਣੈ ॥੬੯॥"

ਗੁਰੂਦੇਵ ਜੀ, ਸਤਿਗੁਰੂ ਦੀ ਪ੍ਰੀਭਾਸ਼ਾ ਮਹਿਮਾ ਇਸ ਤਰ੍ਹਾਂ ਗਾਇਨ ਕਰਦੇ ਹਨ।

"ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥
ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥ ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥
ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥
ਨਾਨਕ ਬਿਨੁ ਗੁਰ ਮੁਆ ਜਨਮ ਹਾਰਿ॥੭੦॥"

ਸਿੱਧ ਗੋਸ਼ਟ ਦੇ 72ਵੇਂ ਪਦੇ ਵਿੱਚ ਗੁਰੂ ਜੀ ਸਿੱਧ ਮੰਡਲੀ ਨੂੰ ਸਨਮੁਖ ਹੋ ਕੇ ਇਸ ਤਰ੍ਹਾਂ ਅਲਾਹੀ ਫੁਰਮਾਨ ਕਰਦੇ ਹਨ:-

"ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥
ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥"



ਸਿੱਧ ਮੰਡਲੀ ਤੋਂ ਵਿਦਾ ਹੋਣ ਸਮੇਂ

ਅੰਤਲੇ ਪਦੇ ਦੀਆਂ ਅੰਤਲੀਆਂ ਦੋ ਤੁਕਾਂ ਵਿੱਚ ਸਾਰੀ ਸਿੱਧ ਗੋਸ਼ਟ ਦਾ ਸਾਰ ਆ ਜਾਂਦਾ ਹੈ।

"ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ॥
ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ ॥
ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ ॥
ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥
ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥
ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥੭੩॥੧॥" **(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-946)**

"ਉਸ ਨਾਮ ਰਹਿਤ ਅਬਿਨਾਸੀ ਪ੍ਰਭੂ ਨੇ ਇਹ ਸਾਰੀ ਖੇਡ ਆਪ ਹੀ ਬਣਾਈ ਹੋਈ ਹੈ। ਗੁਰੂ ਦੁਆਰਾ ਹੀ ਮਨੁੱਖ ਇਸ ਦੀ ਥਾਹ ਪਾ ਸਕਦਾ ਹੈ। ਉਹ ਸਾਹਿਬ ਸਾਰਿਆਂ ਜੁਗਾਂ ਵਿੱਚ ਵਿਆਪਕ ਤੌਰ ਤੇ ਵਿਚਰ ਰਿਹਾ ਹੈ। ਉਸ ਦੇ ਬਿਨਾ ਹੋਰ ਕੋਈ ਦੂਸਰਾ ਹੈ ਹੀ ਨਹੀਂ। ਮੈਂ ਪ੍ਰਭੂ ਦੇ ਹਰ ਇਕ ਕਾਰਜ ਨੂੰ ਖੁਸ਼ੀ-ਖੁਸ਼ੀ ਸਵੀਕਾਰ ਕਰਦਾ ਹਾਂ ਅਤੇ ਕਦੇ ਵੀ ਉਸ ਦੇ ਕੰਮਾਂ ਵਿੱਚ ਦਖਲ ਅੰਦਾਜ਼ੀ ਨਹੀਂ ਕਰਦਾ। ਇਸ ਤਰਾਂ ਮੈਂ ਹਰ ਵਕਤ ਖੁਸ਼ੀਆਂ ਅਤੇ ਖੇੜੇ ਵਿੱਚ ਵਿਖਾਈ ਦੇਂਦਾ ਹਾਂ। ਪਰ ਇਹ ਅਵਸਥਾ ਮੈਨੂੰ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋਈ ਹੈ।"

ਪ੍ਰਸ਼ਨ ਉੱਤਰੀ ਉਪ੍ਰੰਤ ਗੁਰੂਦੇਵ ਜੀ ਨੇ ਸਿੱਧਾਂ ਦੇ ਵਿਚਾਰ ਬਦਲਨ ਲਈ ਹੋਰ ਵੀ ਦਲੀਲਾਂ ਭਰਪੂਰ ਅਲਾਹੀ ਸ਼ਬਦ ਉਚਾਰਣ ਕੀਤੇ। ਸਮੁੱਚੇ ਤੌਰ ਤੇ ਇਸ ਵਿਚਾਰ ਚਰਚਾ ਦਾ ਪਰਭਾਵ ਸਿੱਧਾਂ ਉੱਪਰ ਵੇਖਣ ਨੂੰ ਮਿਲਿਆ। ਸਾਰੇ ਸਿੱਧ ਯੋਗੀਆਂ ਨੇ ਅਪਣੀ ਹੱਠ ਧਰਮੀ ਛੱਡ ਕੇ ਇਕ ਪ੍ਰਕਾਰ ਦੀ ਹਾਰ ਸਵੀਕਾਰ ਕਰ ਲਈ ਅਤੇ ਕਿਹਿ ਉੱਠੇ, **"ਨਾਨਕ ਜੀ ਤੁਹਾਡਾ ਮਾਰਗ ਹੀ ਸਾਰੇ ਮਨੁੱਖੀ ਸਮਾਜ ਦੇ ਕਲਿਆਣ ਲਈ ਹਿਤਕਾਰੀ ਹੈ।** ਇਸ ਕਰਕੇ ਅਸੀਂ ਵੀ ਤੁਹਾਡੀ ਪ੍ਰਤੀਭਾਅ ਤੋਂ ਪ੍ਰੇਰਿਤ ਹੋ ਗਏ ਹਾਂ।" **ਇਸ ਪ੍ਰਕਾਰ ਗੁਰੂ ਜੀ ਉਨ੍ਹਾਂ ਨੂੰ ਸੱਤਿ ਦਾ ਮਾਰਗ ਦ੍ਰਿੜ ਕਰਵਾ ਕੇ ਵਾਪਸ 'ਟਕਲਾਕੋਟ' ਆ ਗਏ।**

**ਨੋਟ:- ਸਿੱਧ ਗੋਸ਼ਠਿ ਸੁਮੱਚੀ ਮਾਨਵਤਾ ਨੂੰ ਜੀਵਨ ਪ੍ਰਦਾਨ ਕਰਦੀ ਹੈ। ਇਹ ਗੋਸ਼ਠਿ, ਅਜੋਕੇ ਮਨੁੱਖ ਲਈ ਆਪਣਾ ਜੀਵਨ ਸਫਲਾ ਕਰਨ ਦਾ ਸੁਨਹਿਰੀ ਅਤੇ ਵਿਚਿੱਤਰ ਢੰਗ ਹੈ।**

**ਕਾਲਾਪਾਨੀ :-** ਗੁਰੂ ਜੀ, ਮਰਦਾਨਾ ਜੀ ਅਤੇ **ਮਾਨਸਰੋਵਰ ਝੀਲ** ਵਿੱਚ ਇਸ਼ਨਾਨ ਕਰ ਕੇ ਵਾਪਸ ਆ ਰਹੇ ਯਾਤਰੀ ਲਿਪੂਲੇਖ ਪਾਸ ਤੋਂ 15 ਕਿ.ਮੀ. ਚੱਲ ਕੇ ਕਾਲਾਪਾਨੀ ਪਹੁੰਚ ਗਏ। ਕੁਝ ਦਿਨ ਅਲਾਹੀ ਕੀਰਤਨ ਕਰਦੇ ਰਹੇ।




**ਪੁਰਾਤਨ ਸ਼ਹਿਰ, ਕਾਲਾਪਾਨੀ**



**ਦਾਰਚੂਲਾ** :- ਗੁਰੂ ਜੀ, ਮਰਦਾਨਾ ਜੀ ਅਤੇ **ਮਾਨਸਰੋਵਰ ਝੀਲ** ਵਿੱਚ ਇਸ਼ਨਾਨ ਕਰ ਕੇ ਵਾਪਸ ਆ ਰਹੇ ਯਾਤਰੀ ਕਾਲਾਪਾਨੀ ਤੋਂ 40 ਕਿ. ਮੀ. ਚੱਲ ਕੇ **ਰੌਂਗਕਾਂਗ, ਗੁੰਜੀ, ਗਾਰਬਿਅੰਗ, ਦਾਰ, ਸਿਰਖਾ, ਖੇਲਾ, ਰੱਥੀ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਦਾਰਚੂਲਾ ਪਹੁੰਚ ਕੇ ਅਲਾਹੀ ਕੀਰਤਨ ਕਰਨ ਲੱਗੇ।


ਪੁਰਾਣਾ ਵਪਾਰਕ ਸ਼ਹਿਰ

**ਪਿਥੋਰਾਗੜ੍ਹ** :- ਗੁਰੂ ਜੀ, ਮਰਦਾਨਾ ਜੀ ਅਤੇ **ਮਾਨਸਰੋਵਰ ਝੀਲ** ਵਿੱਚ ਇਸ਼ਨਾਨ ਕਰ ਕੇ ਵਾਪਸ ਆ ਰਹੇ ਯਾਤਰੀ ਦਾਰਚੂਲਾ ਤੋਂ 100 ਕਿ. ਮੀ. ਚੱਲ ਕੇ **ਸੂਵਾ, ਛਾਰਛੁਮ, ਧੁੰਗਾਟੋਲੀ, ਕਿਮਖੋਲਾ, ਦਾਤੂ, ਅਸਕੋਟ, ਗਨਾਈ, ਬੰਦਰ, ਲਾਈਮਾ, ਗੁਦਾਉਲੀ, ਚੌਂਪਟ, ਕਨਾਲੀ, ਚਿੰਨਾ, ਨਘਰ, ਨੈਨੀ-ਸੈਨੀ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਪਿਥੋਰਾਗੜ੍ਹ ਪਹੁੰਚ ਕੇ ਆਸਨ ਲਾ ਕੇ ਅਲਾਹੀ ਕੀਰਤਨ ਕਰਨ ਲੱਗੇ। ਨਗਰਵਾਸੀ ਵੀ ਕੀਰਤਨ ਦਾ ਆਨੰਦ ਮਾਨਣ ਲਈ ਆ ਬੈਠੇ।




ਮਾਨਸਰੋਵਰ ਝੀਲ ਦੇ ਸ਼ਾਹ ਰਾਹ ਤੇ ਵੱਸਿਆ ਸ਼ਹਿਰ

**ਅਲਮੋੜਾ** :- ਗੁਰੂ ਜੀ, ਮਰਦਾਨਾ ਜੀ ਅਤੇ ਕੁਝ ਸ਼ਰਧਾਲੂ ਪਿਥੋਰਾੜ੍ਹ ਤੋਂ 100 ਕਿ. ਮੀ. ਚੱਲ ਕੇ **ਗੰਕੋਟ, ਮਛੀਨਾ-ਖੋਲੀ, ਮਸਪਤੀ, ਬਾਲਾਕੋਟ, ਇਗਿਆਰਦੇਵੀ, ਗੁਰਨਾ, ਗੋਗਾਨਾ, ਬਤੋਰੀ, ਬਸੋਲੀ, ਦਗਿਮਖੇਤ, ਪੁਨੋਲੀ, ਪੋਖਰੀ, ਗੁਰਬੰਝ, ਦੁਗਾਰੀ, ਫਲਸਿਮਾ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਅਲਮੋੜਾ ਪਹੁੰਚ ਗਏ। ਉਨ੍ਹਾਂ ਦਿਨਾਂ ਵਿੱਚ ਉੱਥੇ ਚਾਂਦ ਜਾਤਿ ਦੇ ਰਾਜੇ ਚੰਡੀਦੇਵੀ ਦੀ ਪੂਜਾ ਲਈ ਮਨੁੱਖ



ਦੀ ਬਲੀ ਦੇਂਦੇ ਸਨ। ਗੁਰੂਦੇਵ ਜੀ ਨੇ ਇਸ ਕੁਕਰਮ ਦਾ ਸਖ਼ਤ ਵਿਰੋਧ ਕੀਤਾ ਅਤੇ ਕਿਹਾ "ਨਿਰਜੀਵ ਪੱਥਰ ਦੀ ਮੂਰਤੀ ਅਗੇ (ਜਿਸ ਦਾ ਆਪ ਲੋਕਾਂ ਨੂ ਖੁਧ ਨਿਰਮਾਣ ਕੀਤਾ ਹੈ) **ਇਕ ਜੀਵਿਤ, ਸੁੰਦਰ, ਤੰਦਰੁਸਤ ਮਾਨਵ ਦੀ ਹਤਿਆ ਕਰਨਾ, ਜਿਸ ਨੂੰ ਉਸ ਪ੍ਰਭੂ ਨੇ ਆਪ ਦੇ ਵਰਗਾ ਬਣਾਇਆ ਹੈ, ਕਿੱਥੋਂ ਤੱਕ ਜਾਇਜ਼ ਹੈ?**

**ਲੋਹਾਘਾਟ** :- ਗੁਰੂ ਜੀ, ਮਰਦਾਨਾ ਜੀ ਅਤੇ ਕੁਝ ਸ਼ਰਧਾਲੂ ਅਲਮੋੜਾ ਤੋਂ 110 ਕਿ. ਮੀ. ਚੱਲ ਕੇ **ਭਟਖੋਲਾ, ਧਮੋਲੀ, ਟੋਲੀ, ਸ਼ਿਲਾਕੋਟ, ਤਾਰਕੋਟ, ਬੁਰੌਲਾ, ਬੜਾਕੋਟ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਲੋਹਾਘਾਟ ਪਹੁੰਚ ਗਏ। ਇਥੇ ਅਲਾਹੀ ਕੀਰਤਨ ਦੁਆਰਾ ਸੰਗਤ ਨੂੰ ਨਿਹਾਲ ਕੀਤਾ ਸਭ ਨੇ ਗੁਰੂ ਜੀ ਦਾ ਧੰਨਵਾਦ ਕੀਤਾ।



8ਵੀਂ ਸਦੀ ਤੋਂ ਪਹਿਲਾਂ ਦਾ ਵਸਿਆ ਸ਼ਹਿਰ



**ਤਪੋਬਨ/ਗੀਠਾ ਸਾਹਿਬ :-** ਗੁਰੂ ਜੀ, ਮਰਦਾਨਾ ਜੀ ਅਤੇ ਕੁਝ ਸ਼ਰਧਾਲੂ ਲੋਹਾਘਾਟ ਤੋਂ 60 ਕਿ. ਮੀ. ਚੱਲ ਕੇ **ਫੋਰਟੀ, ਡੁਗਰੀ, ਬਸੋਤ, ਤਪਨੀਪਾਲ, ਬੀਰਗੁਲ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਦੇਯੂਰੀ/ਤਪੋਬਨ ਪਹੁੰਚ ਗਏ।




ਉਥੇ ਜੋਗੀ ਆਪਣੀ-ਆਪਣੀ ਧੂਣੀ ਲਗਾ ਕੇ ਹਠ ਯੋਗ ਦੇ ਆਸਣਾਂ ਦੁਆਰਾ ਆਰਾਧਨਾ ਕਰਿਆ ਕਰਦੇ ਸਨ। ਕੁੱਛ ਜੋਗੀ ਧਿਆਨ ਇਕਾਗਰ ਨਾ ਹੋਣ ਦੇ ਕਾਰਣ ਨਸ਼ੇ ਦਾ ਸਹਾਰਾ ਲੈਕੇ, ਮਦਹੋਸ਼ ਰਹਿਣ ਨੂੰ ਹੀ ਪ੍ਰਭੂ ਭਜਨ ਦਾ ਨਾਂ ਦੇਂਦੇ ਸਨ। ਰਿਧੀਆਂ- ਸਿੱਧੀਆਂ ਦਾ ਵਿਖਾਵਾ ਕਰਕੇ ਲੋਕਾਂ ਕੋਲੋਂ ਦਾਨ ਲੈਂਦੇ ਸਨ।

ਗੁਰੂਦੇਵ ਜੀ ਨੇ ਉੱਥੇ ਇਕ ਗੀਠਿਆਂ ਦੇ ਰੁੱਖ ਹੇਠਾਂ ਅਪਣਾ ਆਸਣ ਲਾ ਲਿਆ। ਭਾਈ ਮਰਦਾਨਾ ਜੀ ਨੇ ਵੀ ਧੂਣੀ ਲਈ ਲਕੜੀਆਂ ਇਕੱਠੀਆਂ ਕਰ ਲਈਆਂ। ਪਰ ਜੋਗੀਆਂ ਨੇ ਭਾਈ ਜੀ ਨੂੰ ਈਰਖਾ ਵੱਸ ਅੱਗ ਨਾ ਦਿੱਤੀ, ਗੁਰੂਦੇਵ ਜੀ ਨੇ ਦੋ ਪੱਥਰ ਆਪਸ ਵਿੱਚ **ਰਗੜ ਕੇ** ਅੱਗ ਬਾਲ ਲਈ। ਗੁਰੂਦੇਵ ਜੀ ਪ੍ਰਬਲ ਵਿਗਿਆਨਿਕ ਸੂਝ ਦੇ ਧਨੀ ਹਨ।

ਅੱਧੀ ਰਾਤ ਨੂੰ ਬਹੁਤ ਭਿਆਨਕ ਤੁਫਾਨ ਅਤੇ ਮੂਸਲਾਧਾਰ ਬਾਰਸ਼ ਹੋਈ। ਜਿਸ ਕਰਕੇ ਸਾਰੇ ਜੋਗੀਆਂ ਦੀਆਂ ਧੂਣੀਆਂ ਬੁਝ ਗਈਆਂ। ਸਿਰਫ ਗੁਰੂਦੇਵ ਜੀ ਦੀ ਧੂਣੀ ਵਿੱਚ ਕੁਝ ਚੰਗਿਆੜੀਆਂ ਬਚੀਆਂ ਰਹੀਆਂ। ਜਿਸ ਨਾਲ ਭਾਈ ਜੀ ਨੇ ਦੁਬਾਰਾ ਅਗ ਬਾਲ ਲਈ।

ਜੋਗੀ ਸੋਚਣ ਲੱਗੇ ਕਿ ਹੁਣ ਕਿਸ ਮੂੰਹ ਨਾਲ ਗੁਰੂਦੇਵ ਜੀ ਪਾਸੋਂ ਅੱਗ ਮੰਗੀ ਜਾਏ। ਉਹ ਮਜਬੂਰੀ ਵੱਸ ਗੁਰੂਦੇਵ ਜੀ ਦੇ ਸਾਮਣੇ ਹਾਜ਼ਰ ਹੋਏ ਅਤੇ ਖ਼ਿਮਾ ਮੰਗਣ ਲੱਗੇ। ਗੁਰੂਦੇਵ ਜੀ ਨੇ ਉਨ੍ਹਾਂ ਦੀ ਅੱਵਗਿਆ ਨੂੰ ਖ਼ਿਮਾ ਕਰਦੇ ਹੋਏ ਅੱਗ ਦੇ ਦਿੱਤੀ ਅਤੇ ਭਾਈ ਮਰਦਾਨਾ ਜੀ ਨੂੰ ਰਬਾਬ ਛੇੜਨ ਲਈ ਆਖਿਆ, ਬਾਣੀ ਆਈ ਹੈ !

"ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥ ਜੋਗ ਜੁਗਤਿ ਸਚਿ ਰਹੈ ਸਮਾਇ ॥
ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥ ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥
ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥ ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥੩੪॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੯੪੧

'ਰਾਗ ਰਾਮਕਲੀ' ਜੋਗੀਆਂ ਦਾ ਬਹੁਤ ਪਿਆਰਾ ਰਾਗ ਹੈ। ਜਦੋਂ ਮਨ ਪਸੰਦ ਰਾਗ ਵਿੱਚ ਉਨ੍ਹਾਂ ਨੇ ਮਿੱਠੀ ਅਵਾਜ ਵਿੱਚ ਕੀਰਤਨ ਸੁਣਿਆ ਤਾਂ ਉਹ ਰਹਿ ਨਾ ਸਕੇ ਸਾਰੇ ਵਾਰੀ-ਵਾਰੀ ਗੁਰੂਦੇਵ ਜੀ ਦੇ ਕੋਲ ਆ ਬੈਠੇ।

ਹੁਣ ਜੋਗੀਆਂ ਦੇ ਮਨ ਵਿੱਚ ਅਹਿਸਾਸ ਹੋਣ ਲੱਗਾ ਕਿ ਉਹ ਸੱਚ ਦੇ ਮਾਰਗ ਤੋਂ ਭਟਕ ਗਏ ਹਨ।

ਗੁਰੂਦੇਵ ਜੀ ਨੇ ਕਿਹਾ ਕਿ ਤੁਸਾਂ ਲੋਕਾਂ ਨੇ ਜੋ ਅਡੰਬਰ ਰਚਿਆ ਹੋਇਆ ਹੈ। ਇਹ ਝੂਠਾ ਵਿਖਾਵਾ ਅਤੇ ਮਨਮੱਤ ਹੈ, ਇਨ੍ਹਾਂ ਗੱਲਾਂ ਦਾ ਪ੍ਰਭੂ ਆਰਾਧਨਾ ਨਾਲ ਕੋਈ ਸੰਬੰਧ ਨਹੀਂ। ਸਿਰਫ ਵੇਸ਼ਭੂਸ਼ਾ ਬਦਲਣ ਨਾਲ ਜੀਵਨ ਵਿੱਚ ਕੋਈ ਕ੍ਰਾਂਤੀ ਨਹੀਂ ਆਉਂਦੀ। ਆਪ ਲੋਕ ਸਮਾਧੀ ਲਗਾਉਣ ਵਾਸਤੇ ਨਸ਼ਿਆਂ ਦਾ ਆਸਰਾ ਲੈਂਦੇ ਹੋ। ਜੋ ਕਿ ਮਾਨਵ ਨੂੰ ਅੰਨੇ ਖੂਹ ਵਿੱਚ ਸੁਟ ਦੇਂਦੇ ਹਨ। ਜੇਕਰ ਅਸਲ ਵਿੱਚ ਜੋਗ ਕਮਾਉਣਾ ਚਾਹੁੰਦੇ ਹੋ ਤਾਂ ਪੂਰਣ ਗੁਰੂ ਦੇ ਸ਼ਬਦਾਂ ਦੀ ਕਮਾਈ ਨਾਲ ਐਦਾਂ ਦਾ ਜੀਵਨ ਬਿਤਾਓ ਜੋ ਇੱਛਾਵਾਂ ਤੋਂ ਰਹਿਤ ਹੋਵੇ। ਜਿਉਂਦਿਆਂ ਜੀ ਮੁਰਦੇ ਵਾਂਗ ਜੀਵਣਾ ਸਿੱਖੋ ਨਾਲ ਹੀ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਵੀ ਉਚਾਰਨ ਕੀਤਾ:-

"ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੭੩੦

ਇਹ ਉਪਦੇਸ਼ ਸੁਣਕੇ ਜੋਗੀਆਂ ਨੂੰ ਅਪਣੀ ਭੁੱਲ ਦਾ ਅਹਿਸਾਸ ਹੋਇਆ। ਪਰ ਕੁਝ ਇਕ ਜੋਗੀ ਅਜੇ ਵੀ ਅਪਣੇ ਅਹੰਕਾਰ ਵਿੱਚ ਸਨ। ਜੋਗੀਆਂ ਨੇ ਸਾਰੀਆਂ ਖਾਣ-ਵਾਲੀਆਂ ਜੜੀ-ਬੂਟੀਆਂ ਅਤੇ ਫਲ ਆਦਿ ਅਪਣੇ ਪਾਸ ਇਕਠੀਆਂ ਕੀਤੀਆਂ ਹੋਈਆਂ ਸਨ।

ਗੁਰੂਦੇਵ ਜੀ ਨੇ ਮਰਦਾਨੇ ਨੂੰ ਕਿਹਾ ਇਸ ਬ੍ਰਿਛ ਦੇ ਫਲ ਖਾ ਕਰਕੇ ਭੁੱਖ ਮਿਟਾ ਲਵੋ। ਆਗਿਆ ਹੁੰਦਿਆਂ ਹੀ ਉਹ ਬ੍ਰਿਛ ਤੇ ਚੜ ਗਏ ਅਤੇ ਰੀਠੇ ਖਾਣ ਲੱਗੇ। ਉਹ ਰੀਠੇ ਮਿੱਠੇ ਸਨ ਉਨ੍ਹਾਂ ਨੇ ਬਹੁਤ ਸਾਰੇ ਰੀਠੇ ਤੋੜੇ। ਗੁਰੂਦੇਵ ਜੀ ਨੇ ਉਹ ਮਿੱਠੇ ਰੀਠੇ ਸਾਰੇ ਜੋਗੀਆਂ ਵਿੱਚ ਵੰਡਵਾ ਦਿੱਤੇ।

ਇਹ ਵੇਖ ਕੇ ਉਨ੍ਹਾਂ ਵੀ ਆਪਣੇ ਲਈ ਦੂਜੇ ਬ੍ਰਿਛਾਂ ਤੋਂ ਰੀਠੇ ਤੋੜ ਲਏ। ਪ੍ਰੰਤੂ ਉਹ ਤਾਂ ਕੌੜੇ ਸਨ। ਇਸ ਤਰ੍ਹਾਂ ਉਨ੍ਹਾਂ ਦਾ ਅਭਿਮਾਨ ਚੂਰ-ਚੂਰ ਹੋ ਗਿਆ।

ਇਕ ਬ੍ਰਿਧ ਅਵਸਥਾ ਵਾਲੇ ਜੋਗੀ ਨੇ ਗੁਰੂਦੇਵ ਜੀ ਨੂੰ ਆਖਿਆ ਕਿ ਉਨ੍ਹਾਂ ਦੀ ਸੰਪ੍ਰਦਾਏ ਦੇ ਮੁੱਖੀ ਮਹੰਤ ਜੋ ਕਿ ਇੱਥੋਂ ੨੦ ਕੋਸ ਦੂਰ ਤਰਾਈ ਦੇ ਇਲਾਕੇ, ਗੋਰਖਮੱਤਾ ਨਾਂ ਦੀ ਥਾਂ ਤੇ ਰਹਿੰਦੇ ਹਨ, ਆਪ ਜੀ ਉਨ੍ਹਾਂ ਨਾਲ ਜ਼ਰੂਰ ਭੇਟ ਕਰਨਾ ਜੀ।

ਨੋਟः- 1) ਰੀਠਾ, ਗੋਲ ਆਕਾਰ ਦਾ ਅਤੀ ਕੜਵਾ ਫਲ ਹੁੰਦਾ ਹੈ ਜਿਸ ਦਾ ਛਿਲਕੇ ਦਾ ਰਸ ਕੱਪੜੇ ਧੋਣ ਦੇ ਕੰਮ ਆਉਂਦਾ ਹੈ।) ਪ੍ਰੰਤੂ ਅਕਾਲ ਪੁਰਖ ਦੀ ਰਹਿਮਤ ਸਦਕਾ ਉਸ ਬ੍ਰਿਸ਼ ਦੇ ਰੀਠੇ ਅੱਜ ਵੀ ਮਿੱਠੇ ਹਨ। 2) ਅੱਜ ਵੀ ਉੱਥੇ ਮਿੱਠੇ ਰੀਠਿਆਂ ਦਾ ਪ੍ਰਸ਼ਾਦ ਮਿਲਦਾ ਹੈ। (ਦਾਸ ਨੇ ਆਪ ਉਸ ਥਾਂ ਦੇ ਦਰਸ਼ਨ ਕੀਤੇ ਹਨ।)



**ਗੁਰਦੁਆਰਾ ਰੀਠਾ ਸਾਹਿਬ (ਉੱਤਰਾਖੰਡ)**

**ਗੋਰਖਮੱਤਾ/ਨਾਨਕਮੱਤਾ:-** ਗੁਰੂ ਜੀ, ਮਰਦਾਨਾ ਜੀ ਅਤੇ ਹੋਰ ਸ਼ਰਧਾਲੂ ਰੀਠਾ ਸਾਹਿਬ ਤੋਂ 50 ਕਿ.ਮੀ. ਚੱਲ ਕੇ **ਸ਼ਾਲਕਪੁਰ, ਡੂੰਗਰਾ, ਪੀਪਲ, ਉਮਰੂ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਗੋਰਖਮੱਤਾ ਪਹੁੰਚ ਗਏ। ਇਥੋਂ ਦੇ ਜੋਗੀ ਜਬਰੀ ਭਿਖਿਆ ਲੈਂਦੇ ਸਨ। ਜੇਕਰ ਕੋਈ ਭਿਖਿਆ ਨਾ ਦਿੰਦਾ ਤਾਂ ਉਸ ਨੂੰ ਜੋਗੀ ਸਰਾਪ ਦੇ ਦਿੰਦੇ ਸਨ।

ਉੱਥੇ ਪਹੁੰਚ ਕੇ ਗੁਰੂਦੇਵ ਜੀ ਨੇ ਇਕ ਸੁੱਕੇ ਪਿੱਪਲ ਹੇਠਾਂ ਅਪਣਾ ਆਸਨ ਲਾਇਆ ਅਤੇ ਭਾਈ ਮਰਦਾਨਾ ਜੀ ਨੂੰ ਰਬਾਬ ਛੇੜਨ ਲਈ ਕਿਹਾ। ਉੱਥੇ ਦੇ ਲੋਕ, ਜੋ ਕਿ ਸੱਚ ਦੀ ਖੋਜ ਵਿੱਚ ਜੋਗੀਆਂ ਦੇ ਚਕਰ ਵਿੱਚ ਉਲਝੇ ਰਹਿੰਦੇ ਸਨ, ਗੁਰੂਦੇਵ ਜੀ ਪਾਸ ਆ ਬੈਠੇ। ਗੁਰੂ ਜੀ ਨੇ ਜਨ ਸਮੂਹ ਨੂੰ ਉਪਦੇਸ਼ ਦਿੱਤਾ ਕਿ ਮਨੁੱਖ ਨੂੰ ਗ੍ਰਿਸਤ ਵਿੱਚ ਰਹਿ ਕੇ ਅਪਣੇ ਸਾਰੇ ਫਰਜ਼ ਨਿਭਾਉਂਦੇ ਹੋਏ, ਪ੍ਰਭੂ ਨੂੰ ਯਾਦ ਕਰਦੇ ਰਹਿਣਾ ਚਾਹੀਦਾ ਹੈ। ਅਸਲ ਵਿੱਚ ਇਹ ਹੀ ਸੰਨਿਆਸ ਹੈ। ਘਰਗ੍ਰਿਸਤੀ ਤਿਆਗ ਕੇ ਜਾਂ ਕੋਈ ਖਾਸ ਭੇਖ ਧਾਰਣ ਕਰਣ ਨਾਲ ਕੋਈ ਮਨੁੱਖ ਮਹਾਨ ਨਹੀਂ ਹੋ ਜਾਂਦਾ। ਮਹਾਨ ਉਹ ਮਨੁੱਖ ਹੈ ਜੋ ਅਪਣੀ ਰੋਜੀ - ਰੋਟੀ ਆਪ ਕਮਾਏ ਅਤੇ ਪਰਮਾਰਥ ਦੇ ਲਈ ਦੀਨ ਦੁਖੀਆਂ ਦੀ ਸਹਾਇਤਾ ਕਰੇ। ਤਿਆਗੀ ਹੋਣ ਦਾ ਢੌਂਗ ਕਰਨ ਵਾਲੇ ਪ੍ਰਭੂ ਪ੍ਰਾਪਤੀ ਕਰ ਹੀ ਨਹੀਂ ਸਕਦੇ। ਇਹ ਵਿਚਾਰ ਸੁਣ ਕੇ ਉੱਥੋਂ ਦੇ ਲੋਕਾਂ ਨੂੰ ਜੋਗੀ, ਢੌਂਗੀ ਅਤੇ ਕਪਟੀ ਭਾਸਣ ਲੱਗੇ। ਇਸ ਤੇ ਜੋਗੀਆਂ ਨੂੰ ਗੁੱਸਾ ਆਇਆ ਕਿ ਕੌਣ ਹੈ ਜੋ ਉਨ੍ਹਾਂ ਦੇ ਵਿਚਾਰਾਂ ਦਾ ਖੰਡਨ ਕਰ ਰਿਹਾ ਹੈ? ਤਦ ਉਨ੍ਹਾਂ ਦੇ ਕੋਲ ਇਕ ਜੋਗੀ ਤਪੋਬਨ ਤੋਂ ਆ ਪਹੁੰਚਿਆ ਜਿਸ ਨੇ ਉਨ੍ਹਾਂ ਨੂੰ ਸਾਰੀ ਵਾਰਤਾ ਕਹਿ ਸੁਣਾਈ ਜੋ ਕਿ ਗੁਰੂ ਨਾਨਕ ਜੀ ਦੇ ਉੱਥੇ ਵਿਚਾਰ-ਵਟਾਂਦਰੇ ਸਮੇਂ ਹੋਈ ਸੀ।

**ਗੁਰੂਦੇਵ ਨੇ ਆਪਣੇ** ਸਿਧਾਂਤ ਦਾ ਪ੍ਰਚਾਰ ਆਰੰਭ ਦਿੱਤਾ।

1. **ਕਿਰਤ ਕਰਨੀ** (ਮਿਹਨਤ ਨਾਲ ਰੋਜ਼ੀ -ਰੋਟੀ ਕਮਾਉਣੀ)
2. **ਵੰਡ ਕੇ ਛਕਣਾ** (ਲੋੜ ਵੰਦਾਂ ਦੀ ਸਹਾਇਤਾ ਕਰਨੀ)
3. **ਨਾਮ ਜਪਣਾ,** (ਪ੍ਰਭੂ ਨੂੰ ਹਾਜ਼ਰ ਜਾਣ ਕੇ ਉਸ ਦੀ ਯਾਦ ਵਿੱਚ ਜੁੜੇ ਰਹਿਣਾ)।

ਜੋਗੀਆਂ ਨੇ ਵੇਖਿਆ ਕਿ ਕਈ ਵਰਿਆਂ ਤੋਂ ਸੁੱਕਾ ਪਿੱਪਲ ਹਰਿਆ ਹੋ ਗਿਆ ਹੈ। ਉਨ੍ਹਾਂ ਨੇ ਆਦੇਸ਼- ਆਦੇਸ਼ ਕਿਹਾ ਅਤੇ ਕੁਝ ਕੁ ਤਿਲ ਭੇਟਾ ਕੀਤੇ। ਗੁਰੂਦੇਵ ਜੀ ਨੇ ਮਰਦਾਨਾ ਜੀ ਨੂੰ ਉਨ੍ਹਾਂ ਤਿਲਾਂ ਨੂੰ ਘੋਟ ਕੇ ਸਾਰਿਆਂ ਨੂੰ ਪਿਲਾਉਣ ਲਈ ਕਿਹਾ। ਮਰਦਾਨਾ ਜੀ ਨੇ ਤਿਲ ਘੋਟ ਕੇ ਸਾਰਿਆਂ ਯੋਗੀਆਂ ਅਤੇ ਸ੍ਰੋਤਿਆਂ ਨੂੰ ਭਰਪੂਰ ਮਾਤਰਾ ਵਿੱਚ ਪਿਲਾਏ।

**(ਨੋਟ:- ਤਿਲ :- ਇਕ ਬਹੁਤ ਹੀ ਛੋਟੇ ਆਕਾਰ ਦਾ ਬੀਜ ਹੁੰਦਾ ਹੈ ਜੋ ਖਰਬੂਜੇ ਦੇ ਬੀਜ ਦੇ ਚੌਥੇ ਹਿੱਸੇ ਦੇ ਬਰਾਬਰ ਹੁੰਦਾ ਹੈ।)**

ਜੋਗੀਆਂ ਨੇ ਤਾਂਤ੍ਰਿਕ ਵਿਦਿਆ ਨਾਲ ਪਿੱਪਲ ਉੱਪਰ ਉਡਾ ਦਿੱਤਾ। ਪ੍ਰੰਤੂ ਗੁਰੂ ਜੀ ਦੀ ਇਕ ਤੱਕਣੀ ਨਾਲ ਪਿੱਪਲ ਉੱਥੇ ਹੀ ਰੁੱਕ ਗਿਆ। **(ਉਹ ਪਿੱਪਲ ਅੱਜ ਵੀ ਧਰਤੀ ਤੋਂ 10 ਫੁੱਟ ਉੱਚਾ ਹੋਇਆ ਹਰਿਆ ਭਰਿਆ ਖੜਾ ਹੈ। ਇਸੇ ਪਿੱਪਲ ਉੱਪਰ ਛੇਵੇਂ ਨਾਨਕ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੇਸਰ ਦੇ ਛਿੱਟੇ ਮਾਰੇ ਸਨ। ਜੋ ਅੱਜ ਵੀ ਜਿਉਂ ਦੇ ਤਿਉਂ ਚਮਕ ਰਹੇ ਹਨ। ਇਸ ਪਿੱਪਲ ਦੀਆਂ ਜੜਾਂ ਧਰਤੀ ਵਿੱਚ ਗੱਡੀਆਂ ਹੋਈਆਂ ਹਨ। ਜੜਾਂ ਦਾ ਨੁਕਸਾਨ ਨਾ ਹੋਵੇ, ਮਿੱਟੀ ਪਾ ਕੇ 10 ਫੁੱਟ ਉੱਚਾ ਥੜ੍ਹਾ ਬਣਾਇਆ ਹੋਇਆ ਹੈ।**

ਜਦੋਂ ਜੋਗੀਆਂ ਨੂੰ ਉਨ੍ਹਾਂ ਦਾ ਅਸਥਾਨ ਹੱਥੋਂ ਜਾਂਦਾ ਲਗਿਆ ਤਾਂ ਉਨ੍ਹਾਂ ਨੇ ਗੁਰੂ ਜੀ ਪਾਸ ਪ੍ਰਸਤਾਵ ਰੱਖਿਆ ਕਿ ਸਭ ਦੀ ਹਾਜ਼ਰੀ ਵਿੱਚ ਇਸ ਧਰਤੀ ਕੋਲੋਂ ਹੀ ਪੁੱਛਿਆ ਜਾਵੇ ਕਿ ਇਹ ਜ਼ਮੀਨ ਜੋਗੀਆਂ ਦੀ ਹੈ ਜਾਂ ਕਿ ਨਾਨਕ ਜੀ ਦੀ।

ਜੋਗੀਆਂ ਨੇ ਉਸ ਧਰਤੀ ਵਿੱਚ ਖੱਡਾ ਪੁੱਟ ਕੇ ਇਕ ਬਾਲਕ ਲੁਕਾ ਦਿੱਤਾ। ਜਿਸ ਨੇ ਪੁੱਛਣ ਤੇ ਇਹ ਬੋਲਣਾ ਸੀ ਕਿ ਇਹ ਥਾਂ ਜੋਗੀਆਂ ਦੀ ਹੈ। ਪ੍ਰੰਤੂ ਗੁਰੂ ਜੀ ਨੇ ਜੋਗੀਆਂ ਦਾ ਇਹ ਡਰਾਮਾ ਵੀ ਸਭ ਦੇ ਸਾਹਮਣੇ ਪ੍ਰਤੱਖ ਨੰਗਾ ਕਰ ਵਿਖਾਇਆ। ਖੱਡੇ ਵਿੱਚੋਂ ਉਸ ਬੱਚੇ ਨੂੰ ਕਢਵਾ ਕੇ ਸਭ ਦੇ ਸਨਮੁਖ ਪੇਸ਼ ਕਰ ਦਿੱਤਾ। **ਤਦੋਂ ਜੋਗੀਆਂ ਨੇ ਹਾਰ ਮਨ ਕੇ ਆਖਿਆ ਕਿ ਅੱਜ ਤੋਂ ਇਹ ਅਸਥਾਨ ਗੋਰਖ ਮੱਤਾ ਨਹੀਂ ਸਗੋਂ ਨਾਨਕ ਮੱਤਾ ਅਖਵਾਏਗਾ।**

**ਨੋਟ:- ਦਾਸ ਨੇ ਯਾਤਰਾ ਸਮੇਂ ਪਵਿਤਰ ਪਿੱਪਲ ਅਤੇ ਉਸ ਖੱਡੇ ਦੇ ਵੀ ਦਰਸ਼ਨ ਕੀਤੇ ਹਨ।**

ਜੋਗੀ ਆਖਣ ਲੱਗੇ, ਉਹ ਮਨੁੱਖੀ ਸਮਾਜ ਵਿੱਚ ਉੱਤਮ ਹਨ, ਕਿਉਂਕਿ ਉਹ ਜਤੀ-ਸਤੀ ਰਹਿੰਦੇ ਹਨ।

ਗੁਰੂਦੇਵ ਜੀ ਨੇ ਕਿਹਾ ਕਿ ਹੇ ਭੰਗਰ ਨਾਥ, "ਜੇਕਰ ਤੇਰੀ ਮਾਂ ਗ੍ਰਿਸਤੀ ਨ ਹੁੰਦੀ ਤਾਂ ਤੇਰਾ ਜਨਮ ਕਿੱਥੋਂ ਹੋਣਾ ਸੀ? ਤੇਰੇ ਕਹਿਣ ਅਨੁਸਾਰ ਜੇਕਰ ਸਾਰੇ ਲੋਕ ਗ੍ਰਿਸਤ ਤਿਆਗ ਕੇ ਸੰਨਿਆਸੀ ਬਣ ਜਾਵਨ ਤਾਂ ਸੰਸਾਰ ਦੀ ਉੱਤਪਤੀ ਕਿਸ ਤਰਾਂ ਹੋਵੇਗੀ? ਜੇਕਰ ਤੁਹਾਨੂੰ ਨਾਰੀ ਜਾਤਿ ਤੋਂ ਇਤਨੀ ਨਫਰਤ ਹੈ ਤਾਂ ਮਾਤਾਵਾਂ-ਭੈਣਾਂ ਦੇ ਹੱਥਾਂ ਤੋਂ ਤਿਆਰ ਕੀਤਾ ਭੋਜਨ ਕਿਉਂ ਖਾਂਦੇ ਹੋ ਅਤੇ ਗ੍ਰਿਸਤੀਆਂ ਦੇ ਘਰਾਂ ਵਿੱਚ ਜਾ ਕੇ ਭਿੱਖਿਆ ਕਿਉਂ ਮੰਗਦੇ ਹੋ? ਇਨ੍ਹਾਂ ਗੱਲਾਂ ਦਾ ਉੱਤਰ ਜੋਗੀਆਂ ਦੇ ਕੋਲ ਨਹੀਂ ਸੀ। ਇਸ ਲਈ ਉਹ ਸ਼ਾਂਤ ਹੋ ਗਏ ਅਤੇ ਗੁਰੂਦੇਵ ਜੀ ਨੂੰ ਕਹਿਣ ਲੱਗੇ ਤੁਸੀਂ ਹੀ ਦੱਸੋ ਕਿ ਸ੍ਰੇਸ਼ਠ ਮਨੁੱਖ ਕੌਣ ਹਨ? ਗੁਰੂਦੇਵ ਜੀ ਨੇ ਕਿਹਾ ਕਿ **ਅਸਲ ਜੋਗ ਤਾਂ ਮਨ ਦਾ ਹੈ,** ਜਿਸ ਤਰਾਂ ਕਿ ਆਪ ਲੋਕਾਂ ਨੇ ਕੰਨਾਂ ਵਿੱਚ ਵਡੀਆਂ-ਵਡੀਆਂ ਮੁੰਦ੍ਰਾਂ ਪਾਈਆਂ ਹੋਈਆਂ ਹਨ, ਗੋਦੜੀ ਅਤੇ ਹੱਥ ਵਿੱਚ ਡੰਡਾ ਹੈ, ਸ਼ਰੀਰ ਉਤੇ ਭਸਮ (ਰਾਖ/ਸੁਆ) ਮਲੀ ਹੋਈ ਹੈ, ਸਿਰ ਮੁੰਡਵਾ ਲਿਆ ਯਾ ਜਟਾ-ਜੂਟ ਹੋ ਗਏ। ਇਹ ਸਭ ਪਾਖੰਡ ਹੈ।

ਅਸਲੀ ਜੋਗੀ ਉਹ ਹੈ, ਜੋ ਗ੍ਰਿਸਤ ਆਸ਼੍ਰਮ ਵਿੱਚ ਜੀਵਨ ਜੀਵੇ ਪਰ ਮਾਇਆ ਤੋਂ ਨਿਰਲੇਪ ਰਹੇ। ਠੀਕ ਓਸੇ ਤਰ੍ਹਾਂ ਜਿਸ ਤਰ੍ਹਾਂ ਕਮਲ ਦੇ ਫੁੱਲ ਉੱਤੇ ਜਲ ਵਿੱਚ ਰਹਿੰਦਿਆਂ ਵੀ ਜਲ ਦਾ ਅਸਰ ਨਹੀਂ ਹੁੰਦਾ। ਮੁਰਗਾਬੀ ਪਾਣੀ ਵਿੱਚ ਗੋਤੇ ਤਾਂ ਲਗਾਉਂਦੀ ਹੈ ਪਰ ਭਿੱਜਦੀ ਨਹੀਂ। ਫਿਰ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤਾ:-

"ਗਲੀ ਜੋਗੁ ਨ ਹੋਈ ॥ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥੧॥ਰਹਾਉ।
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੭੩੦

ਜੋਗੀਆਂ ਨੇ ਗੁਰੂਦੇਵ ਜੀ ਦੀ ਦੱਸੀ ਹੋਈ ਜੁਗਤੀ ਨੂੰ ਸਮਝਿਆ ਅਤੇ ਉਸ ਅਨੁਸਾਰ ਮਨਨ (ਚਿੰਤਨ) ਆਰੰਭ ਕਰ ਦਿੱਤਾ।



ਗੁਰਦੁਆਰਾ ਨਾਨਕਮੱਤਾ (ਉੱਤਰਾਖੰਡ)

**ਮੁਰਾਦਾਬਾਦ** :- ਗੁਰੂ ਜੀ, ਮਰਦਾਨਾ ਜੀ ਅਤੇ ਹੋਰ ਸ਼ਰਧਾਲੂ ਨਾਨਕਮਾਤਾ ਤੋਂ 125 ਕਿ.ਮੀ. ਚੱਲ ਕੇ **ਦੋਹਰਾ, ਲੋਕਾ, ਸ਼ਾਹਦੋਰਾ, ਲਾਲਪੁਰ, ਮਾਨਪੁਰ, ਰਾਮਪੁਰ, ਦਲਪੱਤਪੁਰ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਮੁਰਾਦਾਬਾਦ ਪਹੁੰਚ ਗਏ। ਇਹ ਸ਼ਹਿਰ 12ਵੀਂ ਸਦੀ ਵਿੱਚ ਵਸਾਇਆ ਗਿਆ ਸੀ। ਇਹ ਪਿੱਤਲ ਨਗਰੀ (**Brass Village**) ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ। ਗੁਰੂ ਜੀ ਨੇ ਇਸ ਨਗਰ ਵਿੱਚ ਬਹੁਤ ਦਿਨ ਰਹੇ ਕੇ ਨਗਰ ਵਾਸੀਆ ਨੂੰ ਇਕ ਪ੍ਰਮਾਤਮਾ ਨਾਲ ਜੋੜਿਆ। ਸਾਰੀ ਸੰਗਤ ਨੇ ਗੁਰੂ ਜੀ ਦਾ ਧੰਨਵਾਦ ਕੀਤਾ। ਤਦ ਗੁਰੂ ਜੀ ਸੰਗਤ ਸਮੇਤ ਅੱਗੇ ਤੁਰ ਪਏ।



ਇਹ ਸ਼ਹਿਰ 14ਵੀਂ ਸਦੀ ਤੋਂ ਵਸਣਾ ਸ਼ੁਰੂ ਹੋਇਆ




ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮੁਰਾਦਾਬਾਦ

**ਪੀਲੀਭੀਤ** :- ਗੁਰੂ ਜੀ, ਮਰਦਾਨਾ ਜੀ ਅਤੇ ਹੋਰ ਸ਼ਰਧਾਲੂ ਮੁਰਦਾਬਾਦ ਤੋਂ 100 ਕਿ.ਮੀ. ਚੱਲ ਕੇ **ਨਜ਼ਰਪੁਰ, ਸ਼ਾਹਜ਼ਾਂਦ ਨਗਰ, ਹਰਦਾਸਪੁਰ, ਲਖੀਮਪੁਰ, ਭੋਜਪੁਰਾ, ਭੁਮਾਰੀਆ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਪੀਲੀਭੀਤ ਨਗਰ ਵਿੱਚ ਜਾ ਪਹੁੰਚੇ। ਇਸ ਨਗਰ ਵਿੱਚ ਵੀ ਗੁਰੂ ਜੀ ਨੇ ਬਹੁਤ ਸਮਾਂ ਰਹਿ ਕੇ ਉੱਥੋਂ ਦੇ ਲੋਕਾਂ ਨੂੰ ਇਕ ਰੱਬ ਨਾਲ ਜੋੜਿਆ। ਇਹ ਸ਼ਹਿਰ ਵੀ ਮਹਾਂਭਾਰਤ ਦੇ ਸਮੇਂ ਦੇ ਵੱਸਿਆ ਹੋਇਆ ਸ਼ਹਿਰ ਹੈ।



ਇਹ ਸ਼ਹਿਰ 10ਵੀਂ ਸਦੀ ਵਿੱਚ ਸਿੰਦਾ ਕਬੀਲੇ ਨੇ ਵਸਾਇਆ



ਗੁਰਦੁਆਰਾ ਸਾਹਿਬ, ਪੀਲੀਭੀਤ

**ਬਰੇਲੀ** :- ਗੁਰੂ ਜੀ, ਮਰਦਾਨਾ ਜੀ ਅਤੇ ਹੋਰ ਪੀਲੀਭੀਤ ਤੋਂ 50 ਕਿ.ਮੀ. ਚੱਲ ਕੇ **ਜਤੀਪੁਰ, ਯਾਕੂਬਪੁਰ, ਕਾਲਾਪੁਰ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਬਰੇਲੀ ਪਹੁੰਚ ਗਏ। ਮਹਾਂਭਾਰਤ ਦੀ ਕਥਾ ਅਨੁਸਾਰ ਇਸ ਇਲਾਕੇ ਨੂੰ ਪੰਚਚਾਲਾ ਆਖਿਆ ਜਾਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਦਰੋਪਦੀ (ਪੰਚਾਲੀ) ਦੀ ਜਨਮ ਭੂਮੀ ਹੈ। ਇਕ ਕਹਾਵਤ ਪ੍ਰਸਿਧ ਹੈ ਕਿ ਗੋਤਮਬੁਧ ਜੀ ਵੀ ਇਸ ਸ਼ਹਿਰ ਦੇ ਕਿਲੇ ਨੂੰ ਵੇਖਣ ਆਇਆ ਸੀ।




ਬੁਧ ਜੀ ਵੀ ਇਥੇ ਬਣੇ ਕਿਲੇ ਨੂੰ ਵੇਖਣ ਆਏ ਸਨ



ਗੁਰਦੁਆਰਾ ਸਾਹਿਬ, ਬਰੇਲੀ

**ਸੀਤਾਪੁਰ** :- ਗੁਰੂ ਜੀ, ਮਰਦਾਨਾ ਜੀ ਅਤੇ ਹੋਰ ਸ਼ਰਧਾਲੂ ਬਰੇਲੀ ਤੋਂ 150 ਕਿ.ਮੀ. ਚੱਲ ਕੇ **ਮੋਹਨਪੁਰ, ਪਦਾਰਥਪੁਰ, ਸੁੰਦਰਪੁਰ, ਮੈਘੀਨਾਗਲਾ, ਉਧੇਪੁਰ ਮੋਹਨ ਲਾਲ, ਕਿਸ਼ਨਪੁਰ, ਭਗਵਾਨਪੁਰ, ਅਸ਼ੋਕਪੁਰ, ਲਖਨਪੁਰ, ਸ਼ਾਲਪੁਰ, ਰਾਮਾਪੁਰ, ਤਿਲਹਰ, ਫੀਰੋਜ਼ਪੁਰ, ਨਾਗਲਾ, ਮੜ੍ਹਾ, ਜਾਮੁਕਾ, ਹਰੀਹਰਪੁਰ, ਸੈਦਪੁਰ, ਲਾਲਪੁਰ, ਚੰਦਰਾ, ਨਰਹਰ** ਆਦਿ ਨਗਰ ਵਿੱਚ ਅਲਾਹੀ ਬਚਨ ਕਰਦਿਆਂ **ਸੀਤਾਪੁਰ** ਪਹੁੰਚ ਗਏ। **ਇਹ ਸ਼ਹਿਰ ਰਾਜਾ ਬਿਕਰਮਾਜੀਤ ਨੇ ਰਾਜਾ ਰਾਮਚੰਦਰ ਦੀ ਰਾਣੀ ਸੀਤਾ ਦੇ ਨਾਮ ਤੇ ਵਸਾਇਆ ਸੀ।** ਇਥੇ ਪਹੁੰਚ ਕੇ ਗੁਰੂ ਜੀ ਨੇ ਸ਼ਹਿਰ ਵਾਸੀਆਂ ਨੂੰ ਮਿਲਜੁਲ ਕੇ ਰਹਿਣ ਦਾ ਉਪਦੇਸ਼ ਦਿੱਤਾ।






**ਗੁਰਦੁਆਰਾ ਸਾਹਿਬ, ਸੀਤਾਪੁਰ**




**ਲਖਨਊ:-** ਗੁਰੂ ਜੀ ਕਾਫਲੇ ਸਮੇਤ ਸੀਤਾਪੁਰ ਤੋਂ 90 ਕਿ. ਮੀ. ਚੱਲ ਕੇ **ਸੇਨਪੁਰ, ਰਾਏਪੁਰ, ਭਵਾਨੀਪੁਰ, ਹਮੀਰਪੁਰ, ਸੁਲਤਾਨਪੁਰ, ਜਾਨਕੀਪੁਰਮ** ਆਦਿ ਨਗਰ ਵਿੱਚ ਅਲਾਹੀ ਬਚਨ ਕਰਦੇ ਹੋਏ ਲਖਨਊ ਸ਼ਹਿਰ ਵਿੱਚ ਪਹੁੰਚ ਗਏ। ਮੰਨਿਆ ਜਾਂਦਾ ਹੈ ਕਿ **ਇਹ ਸ਼ਹਿਰ, ਲਕਸ਼ਮਣਪੁਰੀ, ਰਾਜਾ ਰਾਮ ਚੰਦਰ ਜੀ ਨੇ ਤ੍ਰੇਤੇ ਯੁੱਗ ਵਿੱਚ ਆਪਣੇ ਭਰਾ ਦੇ ਨਾਮ ਤੇ ਵਸਾਇਆ ਸੀ।** ਸਮਾਂ ਪਾ ਕੇ ਇਹ ਸ਼ਹਿਰ ਲਖਨਊ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ। ਸ਼ਹਿਰ ਦੇ ਉੱਤਰ ਪੱਛਮ ਵੱਲ ਬਣਿਆ ਲਕਸ਼ਮਣ ਟਿੱਲਾ ਇਸ ਗਲ ਦੀ ਗਵਾਹੀ ਭਰਦਾ ਹੈ। 1998 ਵਿਚ ਰਾਏ ਬਹਾਦੁਰ ਸਰਦਾਰ ਸਾਲਿਗਰਾਮ ਸਿੰਘ ਜੀ ਨੇ ਗੁਰੂ ਜੀ ਦੇ ਆਸਣ ਵਾਲੀ ਥਾਂ ਲੱਭ ਕੇ, ਖਰੀਦ ਕੇ ਗੁਰਦੁਆਰਾ ਬਣਵਾਇਆ ਸੀ। ਪ੍ਰੰਤੂ ਉਹ ਗੁਰਦੁਆਰਾ ਵੰਡ ਸਮੇਂ ਅਗਨ ਭੇਟ ਹੋ ਗਿਆ। ਹੁਣ ਉਥੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸੁਭਾਏਮਾਨ ਹੈ।


ਲਸ਼ਮਣ ਟਿੱਲਾ, ਲਖ਼ਨਊ






ਗੁਰਦੁਆਰਾ ਸਾਹਿਬ, ਲਖਨਊ

**ਕਾਕੋਰੀ** :- ਗੁਰੂ ਜੀ, ਭਾਈ ਮਰਦਾਨਾ ਜੀ ਅਤੇ ਹੋਰ ਸ਼ਰਧਾਲੂ 20 ਕਿ.ਮੀ. ਚੱਲ ਕੇ ਲਖਨਊ ਸ਼ਹਿਰ ਦੇ ਉਤਰ ਵਾਲੇ ਪਾਸੇ ਵੱਸੇ ਪੁਰਾਤਨ ਇਤਿਹਾਸਿਕ ਕਸਬੇ, ਕਾਕੋਰੀ ਵਿੱਚ ਪਹੁੰਚ ਕੇ ਇਕ ਸੂਫੀ ਸੰਤ, **ਭਗਤ ਭੀਖਣ ਸ਼ਾਹ ਜੀ** (1480-1574) ਦੇ ਦੇਹੁਰੇ ਵਿੱਚ ਜਾ ਬਿਰਾਜੇ। ਬਹੁਤ ਦਿਨ ਭਗਤ ਜੀ ਨਾਲ ਬਚਨ ਬਿਲਾਸ ਕਰਦਿਆਂ ਉਨ੍ਹਾਂ ਦੀ ਸਹਿ ਬਾਣੀ ਅਪਣੀ ਪੋਥੀ ਵਿੱਚ ਦਰਜ ਕਰ ਲਈ। (ਇਹ ਬਾਣੀ ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੋਥੀ ਸਾਹਿਬ ਦੀ ਸਪਾਦਨਾ ਸਮੇਂ ਉਸ ਵਿੱਚ ਦਰਜ ਕਰ ਲਈ )



ਇਹ ਸ਼ਹਿਰ 11ਵੀਂ ਸਦੀ ਵਿੱਚ ਵੱਸਿਆ




**ਇਸ ਪਵਿੱਤਰ ਅਸਥਾਨ ਤੇ ਬੈਠ ਕੇ ਸ੍ਰੀ ਗੁਰੂ ਨਾਨਕ ਦੇਵ ਨੇ ਭਗਤ ਭੀਖਣ ਜੀ ਨਾਲ ਵਿਚਾਰ ਵਟਦਰਾਂ ਕੀਤਾ**

**ਬਾਰਾਬੰਕੀ** :- ਗੁਰੂ ਜੀ, ਭਾਈ ਮਰਦਾਨਾ ਜੀ ਅਤੇ ਹੋਰ ਸ਼ਰਧਾਲੂ ਕਾਕੋਰੀ ਤੋਂ 20 ਕਿ.ਮੀ. ਚੱਲ ਕੇ ਬਾਰਾਬੰਕੀ ਵਿੱਚ ਜਾ ਡੇਰਾ ਲਾਇਆ। **ਇਹ ਸ਼ਹਿਰ 1436 ਏ. ਡੀ. ਵਿੱਚ ਦਰੀਆਂ ਖਾਂ ਅਪਣੇ ਨਾਮ ਤੇ ਦਰੀਆਬਾਦ ਵਸਾਇਆ ਜੋ ਪਿੱਛੋਂ ਬਾਰਾਬੰਕੀ ਦੇ ਨਾਮ ਨਾਲ ਪ੍ਰਸਿਧ ਹੋਇਆ।** ਗੁਰੂ ਜੀ ਸੰਗਤ ਸਮੇਤ ਇਸ ਸ਼ਹਿਰ ਵਿੱਚ ਕੁਝ ਦਿਨ ਰਹੇ ਕੇ ਲੋਕਾਂ ਨੂੰ ਇਕ ਰਬ ਨੂੰ ਮਨਣ ਲਈ ਪ੍ਰੇਰਿਤ ਕੀਤਾ।




ਤ੍ਰੇਤੇ ਯੁਗ ਵਿੱਚ ਵੱਸਿਆ ਪੁਰਾਤਨ ਸ਼ਹਿਰ




ਗੁਰਦੁਆਰਾ ਦੁਖ ਨਿਵਾਰਨ ਸਾਹਿਬ, ਬਾਰਾਬੰਕੀ


**ਗੋਂਡਾ (ਪੰਚਰਾਨੀਆਂ):-** ਗੁਰੂ ਜੀ, ਭਾਈ ਮਰਦਾਨਾ ਜੀ ਅਤੇ ਹੋਰ ਸ਼ਰਧਾਲੂ ਬਾਰਾਬੰਕੀ ਤੋਂ **90** ਕਿ.ਮੀ. ਚੱਲ ਕੇ **ਪਿਪਰੋਲੀ, ਕੋਟਵਾ, ਰਾਮਪੁਰ, ਆਦਮਪੁਰ, ਕਾਦੀਪੁਰ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਗੋਂਡਾ ਸ਼ਹਿਰ ਵਿੱਚ ਜਾ ਪਹੁੰਚੇ। ਗੁਰੂ ਜੀ ਇਸ ਸ਼ਹਿਰ ਵਿੱਚ ਬਹੁਤ ਦਿਨ ਰਹਿ ਕੇ ਸੰਗਤ ਨੂੰ ਅਲਾਹੀ ਕੀਰਤਨ ਦੁਆਰਾ ਨਿਹਾਲ ਕਰਦੇ ਰਹੇ। **ਇਹ ਸ਼ਹਿਰ ਸਤਵੀਂ ਸਦੀ ਈ. ਵਿੱਚ ਰਾਜਾ ਸ਼ਾਸ਼ਾਂਕਾ ਨੇ ਵਸਾਇਆ।** ਇਸ ਸ਼ਹਿਰ ਦੇ ਵਾਸਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਮ ਤੇ ਵਿਦਿਅਕ ਸੰਸਥਾਵਾਂ ਦੇ ਨਾਲ-ਨਾਲ ਇਕ ਚੌਕ ਦਾ ਨਾਮ ਵੀ ਗੁਰੂ ਨਾਨਕ ਚੌਕ ਰੱਖਿਆ ਹੋਇਆ ਹੈ।






**ਛਪੀਆ ਮੰਦਿਰ, ਗੋਂਡਾ**

## ਅਯੁੱਧਿਆ ਨਗਰ (ਉੱਤਰ ਪ੍ਰਦੇਸ਼):



7 ਪਵਿਤਰ ਸ਼ਹਿਰਾਂ ਵਿੱਚੋਂ ਇਕ ਹੈ ਜੋ 6ਵੀਂ-5ਵੀਂ ਸਦੀ ਬੀ.ਸੀ.ਈ. ਵਿੱਚ ਕੋਸਾਲਾ ਦੀ ਰਾਜਧਾਨੀ ਸੀ। ਜੋ ਸਕੇਤਾ ਦੇ ਨਾਮ ਨਾਲ ਜਾਣੀ ਜਾਂਦੀ ਸੀ। ਸ੍ਰੀ ਰਾਮਚੰਦਰ ਜੀ ਦਾ ਜਨਮ ਅਸਥਾਨ ਵੀ ਹੈ।

ਗੁਰੂ ਜੀ, ਭਾਈ ਮਰਦਾਨਾ ਜੀ ਅਤੇ ਹੋਰ ਸ਼ਰਧਾਲੂ ਗੋਂਡਾ ਤੋਂ 50 ਕਿ.ਮੀ. ਚੱਲ ਕੇ **ਮਧਾਈਪੁਰ, ਕੋਂਦਰ, ਮਹਿਗੁਪੁਰ,** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਅਯੁੱਧਿਆ ਨਗਰੀ ਵਿੱਚ ਪਹੁੰਚ ਕੇ ਸਰਯੁ ਨਦੀ ਕਿਨਾਰੇ ਬ੍ਰਹਮ ਕੁੰਢ ਉਪਰ ਡੇਰਾ ਲਾ ਲਿਆ। ਉੱਥੇ ਦੀਵਾਲੀ ਪੁਰਵ ਦੀਆਂ ਤਿਆਰੀਆਂ ਹੋ ਰਹੀਆਂ ਸਨ। ਮਰਦਾਨਾ ਜੀ ਨੇ ਦੇਖਿਆ ਕਿ ਲਛਮੀ ਪੂਜਾ ਤੇ ਕੁਝ ਜਿਆਦਾ ਹੀ ਜ਼ੋਰ ਦਿੱਤਾ ਜਾ ਰਿਹਾ ਸੀ। ਮਰਦਾਨਾ ਜੀ ਨੇ ਗੁਰੂ ਜੀ ਨੂੰ ਪੁੱਛਿਆ, **"ਹੇ ਗੁਰੁਦੇਵ ਜੀ**! ਇੱਥੇ ਦੇ ਲੋਕ **ਸ੍ਰੀ ਰਾਮਚੰਦਰ ਜੀ** ਦੀ ਥਾਂ ਤੇ ਲੱਛਮੀ ਪੂਜਾ ਨੂੰ ਕਿਉਂ ਜ਼ਿਆਦਾ ਪੂਜਦੇ ਹਨ? ਗੁਰੁਦੇਵ ਜੀ ਨੇ ਕਿਹਾ, "ਭਾਈ ਜੀ, ਰਾਮ ਜੀ ਦੇ ਜੀਵਨ ਤੋਂ ਲੋਕਾਂ ਨੇ ਸਿੱਖਿਆ ਹੀ ਕਦੋਂ ਲਈ ਹੈ? ਇਹ ਅਸਲ ਵਿੱਚ ਰਾਮ ਭਗਤ ਨਹੀਂ, ਸਿਰਫ **ਮਾਇਆ (ਲੱਛਮੀ)** ਭਗਤ ਹਨ।" ਇਸ ਵਿਸ਼ੇ ਤੇ ਉੱਥੇ ਦੇ ਭਗਤ ਜਨਾਂ ਨਾਲ ਜਦੋਂ ਵਿਚਾਰ-ਵਟਾਂਦਰਾ ਹੋਇਆ ਤਾਂ ਗੁਰੁਦੇਵ ਜੀ ਨੇ ਕਿਹਾ, "ਅਸਲ ਵਿੱਚ ਦੀਵਾਲੀ ਮਨਾਣ ਦਾ ਭਾਵਅਰਥ ਇਹ ਹੈ ਕਿ ਆਪ ਲੋਕ ਰਾਮਚੰਦਰ ਜੀ ਦੇ ਦ੍ਸਾਏ ਮਾਰਗ ਤੇ ਚੱਲੋ, ਪ੍ਰੰਤੂ ਤੁਸੀਂ ਉਨ੍ਹਾਂ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਹੋ, ਜੋ ਵਿਅਰਥ ਕੰਮ ਹੈ।

ਰਾਮ ਜੀ ਨੇ ਸ਼ਿਵਰੀ ਦੇ ਜੂਠੇ ਬੇਰ ਖਾ ਕੇ ਇਹ ਵਿਖਾਇਆ ਸੀ ਕਿ ਸਾਰੇ ਮਨੁੱਖ ਬਰਾਬਰ ਹਨ। ਕਿਸੇ ਤੋਂ ਵੀ ਘ੍ਰਿਣਾ ਨਹੀਂ ਕਰਨੀ ਚਾਹੀਦੀ। ਪਰ ਤੁਸੀਂ ਸ਼ਿਵਰੀ ਦੇ ਵੰਸ਼ਜਾਂ ਅਤੇ ਸ਼ੂਦਰਾਂ ਨੂੰ ਅਪਣੇ ਮੰਦਿਰਾਂ ਵਿੱਚ ਵੜਨ ਨਹੀਂ ਦਿੰਦੇ। ਇਹ ਸਭ ਮਨਮਤਿ ਦੇ ਕਾਰਜ ਹਨ। ਉਨ੍ਹਾਂ ਦੀ ਪੂਜਾ ਨਹੀਂ ਸਗੋਂ ਉਨ੍ਹਾਂ ਦਾ ਅਪਮਾਨ ਹੈ। ਤੁਸੀਂ ਉਨ੍ਹਾਂ ਦੇ ਅਯੁੱਧਿਆ ਵਾਪਸ ਆਉਣ ਦੀ ਯਾਦ ਵਿੱਚ, ਦਾਨਵਾਂ ਵਾਲਾ ਆਚਾਰ-ਵਿਹਾਰ ਕਰ ਰਹੇ ਹੋ। ਇਹ ਸੁਣ ਕੇ ਸਾਰੇ ਪੰਡੇ ਅਤੇ ਯਾਤਰੀ ਸ਼ਰਮਸਾਰ ਹੋ ਗਏ।

ਉਸ ਸਮੇਂ ਗੁਰੁਦੇਵ ਜੀ ਨੇ ਇਹ ਅਲਾਹੀ ਸ਼ਬਦ ਉਚਾਰਣ ਕੀਤਾ:-

"ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥੭॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੨੨੯



ਗੁਰਦੁਆਰਾ ਸਾਹਿਬ, ਅਯੁਧਿਆ (ਉੱਤਰ ਪ੍ਰਦੇਸ਼)



ਗੁਰੁਦੇਵ ਜੀ ਇਸ ਰੁੱਖ ਹੇਠਾਂ ਬੈਠਿਆ ਕਰਦੇ ਸਨ।

ਅਯੁੱਧਿਆ ਦਾ ਇਕ ਪੰਡਿਤ ਈਰਖਾ ਵੱਸ ਜਨਤਾ ਨੂੰ ਸੰਬੋਧਨ ਕਰਕੇ ਕਹਿਣ ਲੱਗਾ, ਇਹ ਮਨੁੱਖ ਅਧੂਰਾ ਸਾਧੂ ਹੈ ਇਸ ਲਈ ਇਸ ਦੇ ਕੀਰਤਨ ਦਾ ਕੋਈ ਲਾਭ ਹੋਣ ਵਾਲਾ ਨਹੀਂ। ਕਿਉਂਕਿ ਇਸ ਨੇ, ਨਾ ਤਾਂ ਤਿਲਕ ਲਗਾਇਆ ਹੈ, ਨਾ ਹੀ ਤੁਲਸੀ ਮਾਲਾ ਪਾਈ ਹੈ, ਨਾ ਹੀ ਇਸ ਦੇ ਕੋਲ ਸਾਲਿਗ੍ਰਾਮ (**ਪੱਥਰ ਦਾ ਟੁਕੜਾ**) ਹੈ ਅਤੇ ਨਾ ਹੀ ਚਿਮਟਾ, ਕਮੰਡਲ ਆਦਿ ਹੈ।"

ਗੁਰੁਦੇਵ ਜੀ ਨੇ ਕਿਹਾ, "ਪੰਡਿਤ ਚਤੁਰ ਦਾਸ ਜੀ, ਆਪ ਜੀ ਨੇ ਜੋ ਸਾਧੂ ਦੇ ਲਛਣ ਦੱਸੇ ਹਨ। ਇਨ੍ਹਾਂ ਚਿੰਨਾਂ ਦਾ ਸੁਆਂਗ ਰਚ ਕੇ ਪਾਖੰਡੀ ਧੋਖਾ ਦਿੰਦੇ ਵੇਖੇ ਗਏ ਹਨ। ਸਿਰਫ ਇਨ੍ਹਾਂ ਚਿੰਨਾਂ ਦੀ ਵਰਤੋਂ ਨਾਲ ਕੋਈ ਮਨੁੱਖ ਸ੍ਰੇਸ਼ਠ ਨਹੀਂ ਬਣ ਜਾਂਦਾ, ਜਦੋਂ ਤੱਕ ਉਹ ਪ੍ਰਭੂ ਨਾਮ ਦੀ ਕਮਾਈ ਨਹੀਂ ਕਰਦਾ ਅਤੇ ਵਿਕਾਰਾਂ ਤੋਂ ਸ਼ੁੱਧ ਨਹੀਂ ਹੁੰਦਾ।" ਇਸ ਸੱਚੇ ਵਿਅੰਗ ਨੂੰ ਸੁਣ ਕੇ ਪੰਡਿਤ ਚਤੁਰ ਦਾਸ ਜੀ ਨੂੰ ਅਪਣੀ ਅਸਲੀ ਸ਼ਕਲ ਵਿਖਾਈ ਦੇਣ ਲੱਗੀ। ਤਦ ਗੁਰੁਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਰਬਾਬ ਛੇੜਨ ਲਈ ਆਖਿਆ-ਭਾਈ ਜੀ ਬਸੰਤ ਰਾਗ ਦੀ ਮਧੁਰ ਧੁਨ ਕੱਢਣ ਲੱਗੇ। ਗੁਰੁਦੇਵ ਜੀ ਨੇ ਇਹ ਅਲਾਹੀ ਸ਼ਬਦ ਅਲਾਪਿਆ।

"ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥ ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥
ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ਰਹਾਉ ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੧੧੭੦

ਚਿੰਨਾਂ ਨੂੰ ਧਾਰਣ ਕਰਕੇ ਮੁਕਤੀ ਪ੍ਰਾਪਤੀ ਦਾ ਸੁਪਨਾ ਵੇਖਣਾ, ਬੰਜਰ ਧਰਤੀ ਵਿੱਚ ਬੀਜ ਪਾਉਣ ਬਰਾਬਰ ਹੈ। ਕੱਚੀ ਮਿੱਟੀ ਦੀ ਨੀਂਵ ਉੱਪਰ ਪੱਕਾ ਮਕਾਨ ਨਹੀਂ ਬਣ ਸਕਦਾ। ਬਾਹਰੀ ਚਿੰਨ, ਸਾਲਗ੍ਰਾਮ , ਤੁਲਸੀ ਮਾਲਾ, ਤਿਲਕ ਆਦਿ ਪ੍ਰਭੂ ਪ੍ਰਾਪਤੀ ਨਹੀਂ ਕਰਾ ਸਕਦੇ। ਜਿਵੇਂ ਕੋਈ ਮਲਾਹ (ਬੇੜੀ ਚਲਾਉਣ ਵਾਲਾ) ਅਪਣੀ ਬੇੜੀ ਦੀ ਰੱਸੀ ਖੋਲੇ ਬਿਨਾਂ ਚੱਪੂ ਮਾਰਦਾ ਰਹੇ, ਬੇੜੀ ਦੂਜੇ ਕੰਢੇ ਨਹੀਂ ਲੱਗੇਗੀ। ਇਨ੍ਹਾਂ ਪ੍ਰਵਚਨਾਂ ਪਿਛੋਂ ਬਹੁਤ ਸਾਰੇ ਜਗਿਆਸੂ ਗੁਰੁਦੇਵ ਜੀ ਦੇ ਚਰਣਾਂ ਵਿੱਚ ਬੇਨਤੀ ਕਰਨ ਲੱਗੇ ਕਿ ਸਾਨੂੰ ਇਨ੍ਹਾਂ ਕਰਮਕਾਂਡਾਂ ਤੋਂ ਮੁਕਤ ਕਰਕੇ ਸੱਚਾ ਮਾਰਗ ਵਿਖਾਓ। ਉਸ ਸਮੇਂ ਦੁਬਾਰਾ ਗੁਰੁਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਕਿਹਾ, ਰਬਾਬ ਛੇੜੋ ਬਾਣੀ ਆਈ ਹੈ।

"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥ ਅੰਗ- ੬੮੭

ਗੁਰੁਦੇਵ ਜੀ ਕਹਿਣ ਲੱਗੇ ਹੇ ਸੱਚ ਦੀ ਖੋਜ ਕਰਨ ਵਾਲੇ ਮਨੁੱਖੋ ! ਅਸਲ ਵਿੱਚ ਪ੍ਰਭੂ ਨਾਮ ਦੀ ਆਰਾਧਨਾ ਹੀ ਤੀਰਥਾਂ ਦਾ ਸੱਚਾ ਇਸ਼ਨਾਨ ਹੈ। ਕਿਉਂਕਿ ਇਨ੍ਹਾਂ ਕਾਰਜਾਂ ਨਾਲ ਮਨ, ਚਿੱਤ, ਬੁੱਧ ਨੂੰ ਇਕਾਗਰ ਕਰਕੇ ਸੰਯੁਕਤ ਰੂਪ ਵਿੱਚ ਕਾਰਜ ਕਰਨਾ ਹੀ ਤ੍ਰਿਵੇਣੀ ਵਿੱਚ ਸੱਚਾ ਇਸ਼ਨਾਨ ਹੈ। ਸਭ ਦੀ ਸੰਤੁਸ਼ਟੀ ਹੋਣ ਤੇ ਗੁਰੂ ਜੀ ਅਗਲੇ ਪੜਾਅ ਸੁਲਤਾਨਪੁਰ ਵੱਲ ਤੁਰ ਪਏ।

